




# ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

Vol 18 *Issue 113 Wednesday, June 12, 2019 Tel: 905-793-2202 | Fax: 905-793-2282 | news@punjabi-

To view our online newspaper visit **punjabipost.ca/epaper** **THE ONLY DAILY PUNJABI NEWS** *ਹੁਣ ਤੁਸੀਂ 'ਪੰਜਾਬੀ ਪੋਸਟ' **Online** ਰੋਜ਼ਾਨਾ ਪੜ੍ਹ ਸਕਦੇ ਹੋ*









*Terms and conditions apply. Issued by HSBC Bank Canada and HSBC Investment Funds (Canada) Inc. [1]Waived fee for transfers valued under $10K CAD from HSBC Bank Canada personal accounts. Currency of wire must differ from account currency. CAD equivalent is determined at time the transfer is processed. Exchange rate will apply, additional agency/beneficiary bank fees may apply.

JEYA TRANSPORT LTD.

# LOOKING FOR LONG/SHORT HAULS

**A/Z DRIVERS FOR USA/LOCAL CANADA/TORONTO-MONTREAL**

- Jeya Transport ਵਾਲਿਆਂ ਨੂੰ US/CANADA ਲਈ A/Z ਡਰਾਈਵਰਾਂ ਦੀ ਲੋੜ
- Texas ਅਤੇ Midwest ਦੇ ਡੈਡੀਕੇਟਡ ਰਨ
- 2016-18 ਦੇ Automatic ਅਤੇ Manual Cascadia ਦੇ ਟਰੱਕ
- ਚੰਗੀ ਜੋਬ ਅਤੇ ਵਧੀਆ ਤਨਖਾਹ, ਵਧੀਆ ਮਾਈਲਜ਼ ਪਿਕਅਪ ਅਤੇ ਡਰਾਪ ਇੱਕੋ ਥਾਂ ਤੇ

- Looking For dedicated A/Z Drivers For USA/Local Canada/ Toronto - Montreal
- Every Pick up and Drop off is in the same place
- Good Job, Per Mile 0.55 Cents and Up
- New Trucks And Trailers 2016-2018

**ALSO HIRING OWNER OPERATORS**




202-2386 Haines Rd., Mississauga ON.

**416-832-7131 / 905-564-8851**

202-2386 Haines Rd., Mississauga, ON

www.jeyatransport.com
Email: ramesh@jeyatransport.com

# TCMPLUS

**10 YEARS' FAMOUS TRADITIONAL CHINESE MEDICINE CLINIC**

Herbal and Acupuncture.
Treat your roots, Real Result "NO FAKE".

**WE TREAT:**

- ✓ Diabetes
- ✓ Low Energy
- ✓ Depression
- ✓ Anxiety
- ✓ Gout
- ✓ Disc Pain
- ✓ Prostatitis
- ✓ High Blood Pressure
- ✓ Cron's Disease
- ✓ Colitis
- ✓ Stress
- ✓ Acid Reflux
- ✓ Digestive
- ✓ Sleep Disorder

1st Month Discount

**FREE CONSULTATION:** **905-415-6999**
30 Wertheim court, Unit 11, Richmond Hill

TOTAL HOME Windows & Doors
ਮੰਨ ਪਸੰਦ ਦੀਆਂ ਖਿੜਕੀਆਂ ਤੇ ਦਰਵਾਜੇ ਲਗਵਾਉ ਤੇ ਢੇਰ ਸਾਰੀ ਬਚਤ ਪਾਓ!

**WINTER & SPRING SPECIAL SALE**

- WINDOWS
- FIBERGLASS DOORS
- STEEL DOORS
- SLIDING PATIO DOORS

Guaranteed lowest Price up to 50% OFF

- Honest & fair prices
- Professional installation
- High quality products
- First class service

For 5 Stars Reviews Online & Testimonial visit:
https://thwindowsdoors.com/testimonials/

Phone: 416-661-6666 | Toll Free: 1-855-550-0610
7250 Keele street, Unit 167, Vaughan, ON. L4K 1Z8
Email: info@thwindowsdoors.com | Web: thwindowsdoors.com

Data everywhere.
No surprise charges anywhere.

NEW
NATION-WIDE. NO ZONES.
TALK, TEXT & DATA PLANS
$35/MO.

chatr™ AUTHORIZED DEALER

379 Main St. North, Brampton, ON
905-451-0379

2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਝਟਕਾ ਲੱਗ ਗਿਆ ਬੈਂਸ ਨੂੰ ਬੜਾ ਭਾਰਾ,
ਸੱਜਣ ਗਏ ਕਈ ਸੁਣੇ ਹਨ ਛੋੜ ਬੇਲੀ।
ਕਹਿੰਦੇ ਯਤਨ ਸਨ ਨਿਭਣ ਦੇ ਬੜੇ ਕੀਤੇ,
ਔਖਾ ਹੋਇਆ ਨਿਭਾਉਣਾ ਸੀ ਜੋੜ ਬੇਲੀ।
ਆਖਣ ਬੋਲੀ ਨਾ ਬੈਂਸ ਦੀ ਸਾਊ ਹੈ ਜੀ,
ਔਖੇ ਚੱਬਣ ਸੀ ਇਹੋ ਜਿਹੇ ਰੋੜ ਬੇਲੀ।
ਅੰਦਰੋ-ਅੰਦਰ ਵੀ ਬੜਾ ਸੀ ਕੁੜ੍ਹਨ ਔਖਾ,
ਤਾਂਹੀਂਓਂ ਦਿੱਤੀ ਹੈ ਆਖਰ ਨੂੰ ਤੋੜ ਬੇਲੀ।
ਕਈਆਂ ਛੱਡਿਆ, ਛੱਡਣਗੇ ਕਈ ਬੇਸ਼ੱਕ,
ਜਿਨ੍ਹਾਂ ਵੀ ਛੱਡਣਾ, ਜਾਣ ਉਹ ਛੱਡ ਬੇਲੀ।
ਚੇਲੇ ਜੋੜਨ ਲਈ ਬੈਂਸ ਨੂੰ ਵੱਲ ਆਉਂਦਾ,
ਫਸਣੀ ਕਦੀ ਨਹੀਂ ਬੈਂਸ ਦੀ ਗੱਡ ਬੇਲੀ।

ਤੀਸ ਮਾਰ ਖਾਂ

# ਕੰਜ਼ਰਵੇਟਿਵ ਪ੍ਰੀਮੀਅਰਜ਼ ਵੱਲੋਂ ਬਿੱਲ ਸੀ-69 ਸਬੰਧੀ ਬਣਾਏ ਜਾ ਰਹੇ ਦਬਾਅ ਨੂੰ ਟਰੂਡੋ ਨੇ ਦੱਸਿਆ ਗਲਤ

ਓਟਵਾ, 11 ਜੂਨ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਕਹਿਣਾ ਹੈ ਕਿ ਨਵੇਂ ਐਨਵਾਇਰਮੈਂਟ ਅਸੈੱਸਮੈਂਟ ਬਿੱਲ ਵਿੱਚ ਸੈਨੇਟ ਵੱਲੋਂ ਕੀਤੀਆਂ ਗਈਆਂ ਸਾਰੀਆਂ ਸੋਧਾਂ ਨੂੰ ਸਵੀਕਾਰ ਨਾ ਕਰਨ ਦੀ ਸੂਰਤ ਵਿੱਚ ਕੰਜ਼ਰਵੇਟਿਵ ਪ੍ਰੀਮੀਅਰਜ਼ ਵੱਲੋਂ ਕੈਨੇਡਾ ਨੂੰ ਪਾਟੋਧਾੜ ਕਰਨ ਦੀਆਂ ਦਿੱਤੀਆਂ ਜਾ ਰਹੀਆਂ ਧਮਕੀਆਂ ਬਹੁਤ ਹੀ ਗੈਰਜ਼ਿੰਮੇਵਰਾਨਾ ਹਨ।



ਪਿਛਲੇ ਹਫਤੇ ਸੈਨੇਟ ਵੱਲੋਂ ਬਿੱਲ ਸੀ-69 ਵਿੱਚ ਕੀਤੀਆਂ ਗਈਆਂ 187 ਸੋਧਾਂ ਬਾਰੇ ਲਿਬਰਲ ਅਗਲਾ ਕਦਮ ਕੀ ਚੁੱਕਦੇ ਹਨ ਇਸ ਦਾ ਪਤਾ ਬੁੱਧਵਾਰ ਤੱਕ ਲੱਗ ਸਕਦਾ ਹੈ। ਇਸ ਬਿੱਲ ਨਾਲ ਫੈਡਰਲ ਸਰਕਾਰ ਵੱਲੋਂ ਪਾਈਪਲਾਈਨਜ਼ ਤੋਂ ਲੈ ਕੇ ਇੰਟਰਪ੍ਰੋਵਿੰਸ਼ੀਅਲ ਹਾਈਵੇਅਜ਼ ਤੱਕ ਵੱਡੇ ਇਨਫਰਾਸਟ੍ਰਕਚਰ ਪ੍ਰੋਜੈਕਟਸ ਦੇ ਕੀਤੇ ਜਾਣ ਵਾਲੇ ਮੁਲਾਂਕਣ ਵਿੱਚ ਸੁਧਾਰ ਆ ਜਾਵੇਗਾ। ਅਲਬਰਟਾ, ਸਸਕੈਚਵਨ, ਮੈਨੀਟੋਬਾ, ਓਨਟਾਰੀਓ ਤੇ ਨਿਊ ਬਰੰਜ਼ਵਿੱਕ ਵਿਚਲੇ ਕੰਜ਼ਰਵੇਟਿਵ ਪ੍ਰੀਮੀਅਰਜ਼ ਤੇ ਨੌਰਥਵੈਸਟ ਟੈਰੇਟਰੀਜ਼ ਦੇ ਪ੍ਰੀਮੀਅਰ ਨੇ ਸੋਮਵਾਰ ਨੂੰ ਟਰੂਡੋ ਨੂੰ ਇੱਕ ਚਿੱਠੀ ਲਿਖ ਕੇ ਇਹ ਆਖਿਆ ਸੀ ਕਿ ਇਸ ਬਿੱਲ ਵਿੱਚ ਸੈਨੇਟ ਵੱਲੋਂ ਕੀਤੀਆਂ ਗਈਆਂ ਸਾਰੀਆਂ ਸੋਧਾਂ ਨੂੰ ਉਹ ਸਵੀਕਾਰ ਕਰ ਲੈਣ ਨਹੀਂ ਤਾਂ ਉਹ ਕੌਮੀ ਏਕਤਾ ਨੂੰ ਖਤਰੇ ਵਿੱਚ ਪਾ ਲੈਣਗੇ।

ਉਨ੍ਹਾਂ ਆਖਿਆ ਸੀ ਕਿ ਬਿੱਲ ਸੀ-69 ਕੈਨੇਡਾ ਵਿੱਚ ਕੋਈ ਹੋਰ ਵੱਡੀ ਪਾਈਪਲਾਈਨ ਦੇ ਨਿਰਮਾਣ ਦਾ ਕੰਮ ਅਸੰਭਵ ਕਰ ਦੇਵੇਗਾ, ਜਿਸ ਨਾਲ ਰੋਜ਼ਗਾਰ ਦੇ ਮੌਕੇ ਖੁੱਸ ਜਾਣਗੇ ਤੇ ਊਰਜਾ ਖੇਤਰ ਵਿੱਚ ਨਿਵੇਸ਼ ਰੁਕ ਜਾਵੇਗਾ। ਪ੍ਰੀਮੀਅਰਜ਼ ਇਹ ਵੀ ਚਾਹੁੰਦੇ ਹਨ ਕਿ ਟਰੂਡੋ ਬਿੱਲ ਸੀ-48 ਨੂੰ ਖ਼ਤਮ ਕਰ ਦੇਣ ਕਿਉਂਕਿ ਉਸ ਕਾਰਨ ਵੈਨਕੂਵਰ ਆਈਲੈਂਡ ਦੇ ਉੱਤਰ ਵੱਲ ਬ੍ਰਿਟਿਸ਼ ਕੋਲੰਬੀਆ ਦੀਆਂ ਬੰਦਰਗਾਹਾਂ ਤੋਂ ਲੋਡ ਹੋਣ ਵਾਲੇ ਤੇਲ ਦੇ ਟੈਂਕਰਾਂ ਉੱਤੇ ਹਮੇਸ਼ਾਂ ਲਈ ਪਾਬੰਦੀ ਲੱਗ ਜਾਵੇਗੀ।

...ਬਾਕੀ ਪੰਨਾ 6 'ਤੇ

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

## ਨਵੀਂ ਨਾਫਟਾ ਡੀਲ ਦੀ ਪੁਸ਼ਟੀ ਸਬੰਧੀ ਬਿੱਲ ਉੱਤੇ ਬਹਿਸ ਸ਼ੁਰੂ

ਓਟਵਾ, 11 ਜੂਨ (ਪੋਸਟ ਬਿਊਰੋ) : ਹਾਊਸ ਆਫ ਕਾਮਨਜ਼ ਵਿੱਚ ਮੰਗਲਵਾਰ ਨੂੰ ਪਾਰਲੀਆਮੈਂਟ ਮੈਂਬਰਾਂ ਵੱਲੋਂ ਨਾਫਟਾ ਨੂੰ ਲਾਗੂ ਕਰਵਾਉਣ ਲਈ ਨਵੇਂ ਬਿੱਲ ਉੱਤੇ ਬਹਿਸ ਸ਼ੁਰੂ ਕੀਤੀ ਗਈ। ਵਿਦੇਸ਼ ਮੰਤਰੀ ਕ੍ਰਿਸਟੀਆ ਫਰੀਲੈਂਡ ਵੱਲੋਂ ਇਸ ਡੀਲ ਦੇ ਫਾਇਦੇ ਗਿਣਾਉਂਦਿਆਂ ਹੋਇਆਂ ਬਹਿਸ ਦੀ ਸ਼ੁਰੂਆਤ ਕੀਤੀ ਗਈ। ਉਨ੍ਹਾਂ ਆਖਿਆ ਕਿ ਜਿੰਨੀ ਜਲਦੀ ਅਮਰੀਕਾ ਤੇ ਮੈਕਸਿਕੋ ਇਸ ਤਿਪੱਖੀ ਟਰੇਡ ਡੀਲ ਦੀ ਪੁਸ਼ਟੀ ਕਰਨੀ ਚਾਹੁੰਦੇ ਹਨ ਓਨੀ ਜਲਦੀ ਹੀ ਕੈਨੇਡਾ ਵੀ ਅਜਿਹਾ ਕਰਨਾ ਚਾਹੁੰਦਾ ਹੈ।



ਫਰੀਲੈਂਡ ਨੇ ਆਖਿਆ ਕਿ ਇਹ ਸਾਡੇ ਕਾਰੋਬਾਰਾਂ, ਸਾਡੇ ਐਂਟਰਪ੍ਰਿਨਿਓਰਜ਼, ਸਾਡੇ ਕਿਸਾਨਾਂ ਤੇ ਕਈ ਮਿਲੀਅਨ ਹੋਰਨਾਂ ਜੌਬਜ਼ ਤੇ ਕੈਨੇਡਾ ਭਰ ਦੇ ਮੱਧ ਵਰਗੀ ਪਰਿਵਾਰਾਂ ਲਈ ਬਹੁਤ ਜ਼ਰੂਰੀ ਹੈ। ਜ਼ਿਕਰਯੋਗ ਹੈ ਕਿ ਬਿੱਲ ਸੀ-100, ਜਿਸ ਨੂੰ ਕੈਨੇਡਾ ਯੂਨਾਈਟਿਡ ਸਟੇਟਜ਼ ਮੈਕਸਿਕੋ ਅਗਰੀਮੈਂਟ ਇੰਪਲੀਮੈਨਟੇਸ਼ਨ ਐਕਟ ਦਾ ਨਾਂ ਦਿੱਤਾ ਗਿਆ ਹੈ, 29 ਮਈ ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਪੇਸ਼ ਕੀਤਾ ਗਿਆ ਸੀ।

ਲਗਾਤਾਰ 14 ਮਹੀਨਿਆਂ ਲਈ ਕੀਤੀ ਗਈ ਗੱਲਬਾਤ ਤੋਂ ਬਾਅਦ ਇਸ ਡੀਲ ਨੂੰ ਸਿਰੇ ਚੜ੍ਹਾਉਣ ਦਾ ਸਿਹਰਾ ਟਰੂਡੋ ਫਰੀਲੈਂਡ ਸਿਰ ਬੰਨ੍ਹਦੇ ਹਨ। ਫਰੀਲੈਂਡ ਨੇ ਇਸ ਮੌਕੇ ਆਖਿਆ ਕਿ ਹੁਣ ਇਹ ਜ਼ਰੂਰੀ ਹੋ ਗਿਆ ਹੈ ਕਿ ਅਸੀਂ ਆਪਣੇ ਭਾਈਵਾਲਾਂ ਦੇ ਕਦਮ ਨਾਲ ਕਦਮ ਮਿਲਾ ਕੇ ਚੱਲੀਏ। ਉਨ੍ਹਾਂ ਦੱਸਿਆ ਕਿ ਦੋਵਾਂ ਦੇਸ਼ਾਂ ਦੇ ਹਮਰੁਤਬਾ ਅਧਿਕਾਰੀਆਂ ਨਾਲ ਉਹ ਪੂਰਾ ਰਾਬਤਾ ਕਾਇਮ ਕਰ ਕੇ ਚੱਲ ਰਹੀ ਹੈ ਤੇ ਅਸੀਂ ਇਸ ਡੀਲ ਦੀ ਪੁਸ਼ਟੀ ਦੀ ਪ੍ਰਕਿਰਿਆ ਜਲਦ ਹੀ ਪੂਰੀ ਕਰ ਲਵਾਂਗੇ। ਫਰੀਲੈਂਡ ਨੇ ਆਖਿਆ ਕਿ ਇਹ ਅਜਿਹੀ ਡੀਲ ਹੈ ਜਿਸ ਉੱਤੇ ਸਾਰੇ ਕੈਨੇਡੀਅਨਾਂ ਨੂੰ ਮਾਣ ਹੋਵੇਗਾ। ਇਸ ਬਿੱਲ ਨੂੰ ਪੇਸ਼ ਕੀਤੇ ਜਾਣ ਤੋਂ ਬਾਅਦ ਮੰਗਲਵਾਰ ਨੂੰ ਪਹਿਲੀ ਵਾਰੀ ਇਸ ਉੱਤੇ ਬਹਿਸ ਹੋਈ। ਪਰ ਮਹੀਨੇ ਦੇ ਅੰਤ ਤੱਕ ਪਾਰਲੀਆਮੈਂਟ ਦਾ ਸੈਸ਼ਨ ਮੁਲਤਵੀ ਹੋਣ ਤੋਂ ਪਹਿਲਾਂ ਇਸ ਬਿੱਲ ਦੇ ਹਾਊਸ ਤੇ ਸੈਨੇਟ ਦੋਵਾਂ ਵਿੱਚੋਂ ਪਾਸ ਹੋਣ ਦੀ ਸੰਭਾਵਨਾਂ ਉੱਤੇ ਸਵਾਲ ਉੱਠ ਰਹੇ ਹਨ।

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
100% Natural Cure & No Side Effect
● ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ
● ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ
● ਜ਼ਿੱਦੀ ਛਾਈਆਂ ਵਰਗੀ ਨਾਮੁਰਾਦ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ। ਸਿਰ ਵਿੱਚ ਸਿਕਰੀ/dandruf ਦਾ ਹੋਣਾ
● Uric Acid ਤੋਂ ਛੁਟਕਾਰਾ
● ਲੇਡੀਜ ਦੀਆਂ ਹਰ ਤਰ੍ਹਾਂ ਦੀਆਂ ਪ੍ਰਾਬਲਮ ਜਿਵੇਂ ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ
● ਕਬਜ ਅਤੇ ਬਵਾਸੀਰ
ਗੱਠੀਆ ਜਿਵੇਂ ਹੱਥਾਂ, ਪੈਰਾਂ ਅਤੇ ਜੋੜਾਂ ਦੀ ਸੋਜ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
ਕਾਲ ਕਰੋ: 647-643-7593

ਕੀ ਤੁਸੀ ਕਾਕਰੋਚ, ਚੂੱਹੇ, ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ੍ਹ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

PROPERTIES FOR SALE
5018 Eighth Line (Erin/Georgetown)
Country lot. Detached Bungalow. Close to town. Finished basement. Separate entrance Outbuildings. 3 + 1 bedroom 2 bathrooms
47 Eldomar, Brampton
Detached home. Good area Walking distance to everything Finished Basement.Separate entrance 3 bedrooms 2 bathrooms. Good Parking.
Angela MEYER
Sales Representative
Ipro Realty Ltd. Brokerage
905-691-0672
www.angelameyer.ca
RealEstateToAsk4@gmail.com

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੁਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

ukttc
UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
○1:1 Training
Forklift Training
Reach Truck
Counterbalance
Air Brake Classes Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

SherGill Law Firm
Barrister, Solicitor & Notary Public
Services:
● Real Estate
● Residential, Commercial, Franchise
● Criminal Law
● Family Law
● Affidavit, Power Of Attorney & Notarization
● Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

# ਬਰੈਂਪਟਨ ਈਸਟ ਲਈ ਨੌਮੀਨੇਸ਼ਨ ਲਈ ਦੌੜ ਭੱਜ ਆਰੰਭ

ਬਰੈਂਪਟਨ ਪੋਸਟ ਬਿਊਰੋ: ਕੈਨੇਡਾ ਦੀਆਂ ਸੱਭ ਤੋਂ ਵੱਧ ਚਰਚਿਤ ਫੈਡਰਲ ਰਾਈਡਿੰਗਾਂ ਵਿੱਚੋਂ ਇੱਕ ਗਿਣੀ ਜਾਂਦੀ ਬਰੈਂਪਟਨ ਈਸਟ ਵਾਸਤੇ ਲਿਬਰਲ ਪਾਰਟੀ ਦਾ ਉਮੀਦਵਾਰ ਬਣਨ ਦੇ ਚਾਹਵਾਨਾਂ ਵੱਲੋਂ ਨੌਮੀਨੇਸ਼ਨ ਲੜਨ ਲਈ ਦੌੜ ਭੱਜ ਆਰੰਭ ਕਰ ਦਿੱਤੀ ਗਈ ਹੈ। ਇਸ ਰਾਈਡਿੰਗ ਤੋਂ ਵਰਤਮਾਨ ਮੈਂਬਰ ਪਾਰਲੀਮੈਂਟ ਰਾਜ ਗਰੇਵਾਲ ਨੇ ਪੰਜਾਬੀ ਪੋਸਟ ਨਾਲ ਗੱਲਬਾਤ ਕਰਦੇ ਹੋਏ ਦੱਸਿਆ ਕਿ ਉਹਨਾਂ ਨੇ ਪਾਰਟੀ ਹਾਈ ਕਮਾਂਡ ਨੂੰ ਆਪਣੀ ਉਮੀਦਵਾਰੀ ਬਾਰੇ ਕੋਈ ਸੰਕੇਤ ਨਹੀਂ ਸੀ ਦਿੱਤਾ ਜਿਸਤੋਂ ਬਾਅਦ ਪਾਰਟੀ ਨੇ ਨੌਮੀਨੇਸ਼ਨ ਪ੍ਰਕਿਰਿਆ ਨੂੰ ਆਰੰਭ ਕੀਤਾ ਹੈ।
ਅਗਲੇ ਦਿਨਾਂ ਵਿੱਚ ਇਸ ਗੱਲ ਦਾ ਪਤਾ ਲੱਗਣ ਦੀ ਸੰਭਾਵਨਾ ਹੈ ਕਿ ਕਿਹੜੇ 2 ਲਿਬਰਲ ਆਗੂ ਇਸ ਰਾਈਡਿੰਗ ਤੋਂ ਉਮੀਦਵਾਰ ਬਣਨ ਲਈ ਕਿਸਮਤ ਅਜ਼ਮਾਈ ਕਰਨਗੇ।

# ਕੈਨੇਡਾ ਦੇ ਪਹਿਲੇ ਗੂਪ ਸਟੋਰ ਤੋਂ ਹੈਲਥ ਕੈਨੇਡਾ ਨੇ ਸਨਸਕ੍ਰੀਨਜ਼ ਹਟਾਈਆਂ


ਗਾਇਨਥ ਪੈਲਟਰੋਅ

ਓਟਵਾ, 11 ਜੂਨ (ਪੋਸਟ ਬਿਊਰੋ) : ਕਲੀਨ ਸਨਸਕ੍ਰੀਨ ਦੇ ਉਤਪਾਦਾਂ ਨੂੰ ਕੈਨੇਡਾ ਦੇ ਪਹਿਲੇ ਗੂਪ ਸਟੋਰ ਤੋਂ ਹਟਾ ਲਿਆ ਗਿਆ ਹੈ। ਅਮਰੀਕਾ ਦੀ ਇਸ ਕੰਪਨੀ ਵੱਲੋਂ ਹੈਲਥ ਕੈਨੇਡਾ ਤੋਂ ਲਾਇਸੰਸ ਲੈਣ ਦੀ ਸ਼ਰਤ ਪੂਰੀ ਨਹੀਂ ਸੀ ਕੀਤੀ ਗਈ।
ਅਮਰੀਕਾ ਸਥਿਤ ਕਲੀਨ ਬਿਊਟੀ ਬ੍ਰਾਂਡ ਬਿਊਟੀਕਾਊਂਟਰ ਵੱਲੋਂ ਤਿਆਰ ਦੋ ਸਨਸਕ੍ਰੀਨਜ਼ ਦੀ ਹੈਲਥ ਕੈਨੇਡਾ ਦੇ ਇੰਸਪੈਕਟਰਜ਼ ਵੱਲੋਂ ਪਛਾਣ ਕੀਤੀ ਗਈ। ਅਦਾਕਾਰਾ ਗਾਇਨਥ ਪੈਲਟਰੋਅ ਦੇ ਲਾਈਫਸਟਾਈਲ ਤੇ ਵੈੱਲਨੈੱਸ ਬ੍ਰੈਂਡ ਵੱਲੋਂ ਟੋਰਾਂਟੋ ਵਿੱਚ ਖੋਲ੍ਹੇ ਗਏ ਸ਼ੋਅਰੂਮ ਵਿੱਚ ਇਹ ਪ੍ਰੋਡਕਟਸ ਰੱਖੇ ਗਏ ਸਨ। ਹੈਲਥ ਕੈਨੇਡਾ ਦੇ ਤਰਜ਼ਮਾਨ ਅਨੁਸਾਰ ਇਨ੍ਹਾਂ ਉਤਪਾਦਾਂ ਨੂੰ ਬਿਨਾਂ ਲਾਇਸੰਸ ਦੇ ਹੀ ਵੇਚਿਆ ਜਾ ਰਿਹਾ ਸੀ ਜਦਕਿ ਇਸ ਲਾਇਸੰਸ ਦੀ ਲੋੜ ਕੈਨੇਡਾ ਵਿੱਚ ਹਰ ਕਿਸਮ ਦੇ ਨੈਚੂਰਲ ਹੈਲਥ ਉਤਪਾਦ ਵੇਚਣ ਲਈ ਪੈਂਦੀ ਹੈ।
ਉਨ੍ਹਾਂ ਦੱਸਿਆ ਕਿ ਇੱਕ ਵਾਰੀ ਹੈਲਥ ਕੈਨੇਡਾ ਵੱਲੋਂ ਉਤਪਾਦ ਦਾ ਮੁਲਾਂਕਣ ਕਰਨ ਤੇ ਇਹ ਪਤਾ ਲਾਉਣ ਕਿ ਉਹ ਸੇਫ, ਪ੍ਰਭਾਵਸ਼ਾਲੀ ਤੇ ਉੱਚ ਮਿਆਰ ਦੀ ਹੈ, ਤੋਂ ਬਾਅਦ ਹੀ ਲਾਇਸੰਸ, ਅੱਠ ਅੰਕਾਂ ਵਾਲਾ ਨੈਚੂਰਲ ਪ੍ਰੋਡਕਟ ਨੰਬਰ (ਪਿਨ) ਜਾਂ ਹੋਮਿਓਪੈਥਿਕ ਮੈਡੀਸਿਨ ਨੰਬਰ (ਡਿਨ-ਐਚਐਮ) ਜੋ ਕਿ ਲੇਬਲ ਉੱਤੇ ਦਰਜ ਹੋਣਾ ਚਾਹੀਦਾ ਹੈ, ਜਾਰੀ ਕੀਤਾ ਜਾਂਦਾ ਹੈ। ਇਹ ਲਾਇਸੰਸ ਹਾਸਲ ਕਰਨ ਲਈ ਕੰਪਨੀਆਂ ਨੂੰ ਉਤਪਾਦ ਦੀ ਵਿਸਥਾਰਪੂਰਵਕ ਜਾਣਕਾਰੀ ਤੇ ਉਸ ਵਿੱਚ ਵਰਤੀ ਗਈ ਸਮੱਗਰੀ, ਉਸ ਦੀ ਮੈਡੀਕਲ ਤੇ ਨੌਨ ਮੈਡੀਕਲ ਵਰਤੋਂ, ਡੋਜ, ਪੋਟੈਂਸੀ ਤੇ ਵਰਤੋਂ ਲਈ ਕੀਤੀ ਗਈ ਸਿਫਾਰਿਸ ਆਦਿ ਮੁਹੱਈਆ ਕਰਵਾਉਣੀ ਪੈਂਦੀ ਹੈ।

# ਲਿੰਡਨ ਪਾਰਕ ਮਾਲ ਦੀ ਛੱਤ ਇੱਕ ਥਾਂ ਤੋਂ ਡਿੱਗੀ, ਜਾਂਚ ਜਾਰੀ

ਓਨਟਾਰੀਓ, 11 ਜੂਨ (ਪੋਸਟ ਬਿਊਰੋ) : ਸਿਟੀ ਅਧਿਕਾਰੀ ਬਰੈਂਟਫੋਰਡ ਵਿੱਚ ਸ਼ਾਪਿੰਗ ਮਾਲ ਦੀ ਛੱਤ ਡਿੱਗ ਜਾਣ ਦੇ ਕਾਰਨਾਂ ਦਾ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਇਸ ਘਟਨਾ ਵਿੱਚ ਕਿਸੇ ਦੇ ਜ਼ਖ਼ਮੀ ਹੋਣ ਦੀ ਖਬਰ ਨਹੀਂ ਹੈ।
ਬਰੈਂਟਫੋਰਡ ਫਾਇਰ ਡਿਪਾਰਟਮੈਂਟ ਦਾ ਕਹਿਣਾ ਹੈ ਕਿ ਸੋਮਵਾਰ ਨੂੰ ਇਸ ਸਬੰਧੀ ਸ਼ਾਮੀਂ 5:35 ਉੱਤੇ ਮਿਲੀ ਖਬਰ ਤੋਂ ਬਾਅਦ ਉਹ ਫੌਰਨ ਲਿੰਡਨ ਪਾਰਕ ਮਾਲ ਪਹੁੰਚੇ। ਇਸ ਮੌਕੇ ਘੱਟੋ ਘੱਟ 15 ਫਾਇਰਫਾਈਟਰਜ਼ ਘਟਨਾ ਵਾਲੀ ਥਾਂ ਉੱਤੇ ਮੌਜੂਦ ਸਨ। ਮੌਕੇ ਦੀਆਂ ਤਸਵੀਰਾਂ ਤੋਂ ਪਤਾ ਚੱਲਦਾ ਸੀ ਕਿ ਡਰਾਇਵਾਲ ਜ਼ਮੀਨ ਉੱਤੇ ਡਿੱਗੀ ਪਈ ਸੀ ਤੇ ਛੱਤ ਉੱਤੇ ਧਾਤ ਦਾ ਸਾਰਾ ਸਮਾਨ ਨਜ਼ਰ ਆ ਰਿਹਾ ਸੀ।
ਇਸ ਘਟਨਾ ਤੋਂ ਬਾਅਦ ਮਾਲ ਨੂੰ ਖਾਲੀ ਕਰਵਾ ਲਿਆ ਗਿਆ। ਇਸ ਘਟਨਾ ਵਿੱਚ ਕੋਈ ਵੀ ਜ਼ਖ਼ਮੀ ਨਹੀਂ ਹੋਇਆ। ਇਸ ਥਾਂ ਤੋਂ ਨੇੜਲੇ ਸਟੋਰ ਵਿੱਚ ਕੰਮ ਕਰਨ ਵਾਲੀ ਇੱਕ ਮਹਿਲਾ ਨੇ ਦੱਸਿਆ ਕਿ ਵੈਸੇ ਤਾਂ ਉਹ ਜਲਦੀ ਸਟੋਰ ਬੰਦ ਨਹੀਂ ਕਰਦੇ ਪਰ ਜਿਸ ਥਾਂ ਉੱਤੇ ਛੱਤ ਡਿੱਗੀ ਉਸ ਦੇ ਨੇੜਲੇ ਸਟੋਰਜ਼ ਜਲਦੀ ਬੰਦ ਕਰ ਦਿੱਤੇ ਗਏ। ਪਹਿਲਾਂ ਮਿਲੀਆਂ ਅਪੁਸ਼ਟ ਖਬਰਾਂ ਅਨੁਸਾਰ ਮੀਂਹ ਕਾਰਨ ਛੱਤ ਨੂੰ ਸਹੀ ਢੰਗ ਨਾਲ ਨਹੀਂ ਸੀ ਬਣਾਇਆ ਗਿਆ ਪਰ ਇਸ ਗੱਲ ਦੀ ਕੋਈ ਪੁਸ਼ਟੀ ਨਹੀਂ ਹੋ ਸਕੀ। ਸਿਟੀ ਵੱਲੋਂ ਅਜੇ ਵੀ ਘਟਨਾ ਦੇ ਕਾਰਨਾਂ ਦਾ ਪਤਾ ਲਾਉਣ ਲਈ ਜਾਂਚ ਚੱਲ ਰਹੀ ਹੈ। ਭਾਵੇਂ ਮੰਗਲਵਾਰ ਨੂੰ ਮਾਲ ਆਮ ਵਾਂਗ ਹੀ ਖੁੱਲ੍ਹਿਆ ਪਰ ਘਟਨਾ ਵਾਲੀ ਥਾਂ ਦੇ ਨੇੜਲੇ ਸਟੋਰਜ਼ ਨੂੰ ਬੰਦ ਰੱਖਿਆ ਗਿਆ।




# ਲੜਾਈ ਤੋਂ ਬਾਅਦ ਜ਼ਖ਼ਮੀ ਹਾਲਤ ਵਿੱਚ ਵਿਅਕਤੀ ਡਾਊਨਟਾਊਨ ਦੇ ਹੋਟਲ ਪਹੁੰਚਿਆ

ਟੋਰਾਂਟੋ, 11 ਜੂਨ (ਪੋਸਟ ਬਿਊਰੋ) : ਮੰਗਲਵਾਰ ਸਵੇਰੇ ਚਾਕੂ ਨਾਲ ਹੋਏ ਜ਼ਖ਼ਮਾਂ ਸਮੇਤ ਇੱਕ ਵਿਅਕਤੀ ਡਾਊਨਟਾਊਨ ਦੇ ਹੋਟਲ ਵਿੱਚ ਗੇੜਾ ਮਾਰਨ ਤੋਂ ਬਾਅਦ ਹਸਪਤਾਲ ਪਹੁੰਚਿਆ।
ਪੁਲਿਸ ਦਾ ਕਹਿਣਾ ਹੈ ਕਿ ਉਸ ਵਿਅਕਤੀ ਦੀ ਲੱਤ ਵਿੱਚ ਛੁਰੇਬਾਜ਼ੀ ਕਾਰਨ ਕਾਫੀ ਜ਼ਖ਼ਮ ਸੀ ਤੇ ਇਹ ਜ਼ਖ਼ਮ ਕਿਸੇ ਅਪੁਸ਼ਟ ਥਾਂ ਉੱਤੇ ਹੋਈ ਲੜਾਈ ਕਾਰਨ ਹੋਇਆ ਲੱਗ ਰਿਹਾ ਸੀ। ਉਸ ਥਾਂ ਤੋਂ ਉਸ ਵਿਅਕਤੀ ਨੇ ਊਬਰ ਲਈ ਤੇ ਰਿਚਮੰਡ ਸਟਰੀਟ ਤੇ ਯੂਨੀਵਰਸਿਟੀ ਐਵਨਿਊ ਨੇੜੇ ਹਿਲਟਨ ਪਹੁੰਚਿਆ। ਮੰਗਲਵਾਰ ਸਵੇਰੇ ਹੋਟਲ ਦੇ ਬਾਹਰ ਚਿੱਟੇ ਰੰਗ ਦੀ ਕੈਮਰੀ ਪਾਰਕ ਕੀਤੀ ਸਾਫ ਨਜ਼ਰ ਆ ਰਹੀ ਸੀ ਤੇ ਉਸ ਦੀ ਪਿਛਲੀ ਸੀਟ ਉੱਤੇ ਲੱਗਿਆ ਖੂਨ ਵੀ ਸੱਭ ਨੂੰ ਨਜ਼ਰ ਆ ਰਿਹਾ ਸੀ।




ਪੈਰਾਮੈਡਿਕਸ ਵੱਲੋਂ ਪਹਿਲਾਂ ਦਿੱਤੀ ਗਈ ਜਾਣਕਾਰੀ ਅਨੁਸਾਰ ਜ਼ਖ਼ਮੀ ਵਿਅਕਤੀ ਨੂੰ ਨਾਜ਼ੁਕ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਪੁਲਿਸ ਦਾ ਕਹਿਣਾ ਹੈ ਕਿ ਉਸ ਦੇ ਜਿਊਂਦੇ ਬਚਣ ਦੀ ਪੂਰੀ ਸੰਭਾਵਨਾ ਹੈ। ਪੁਲਿਸ ਨੇ ਇਹ ਵੀ ਦੱਸਿਆ ਕਿ ਉਹ ਰਾਤ ਸਮੇਂ ਯੰਗ ਤੇ ਗੇਰਾਰਡ ਸਟਰੀਟਜ਼ ਉੱਤੇ ਹੋਈ ਲੜਾਈ ਸਬੰਧੀ ਮਿਲੀਆਂ ਰਿਪੋਰਟਾਂ ਦੀ ਜਾਂਚ ਵੀ ਕਰ ਰਹੀ ਹੈ। ਪਰ ਅਜੇ ਇਸ ਦੀ ਪੁਸ਼ਟੀ ਨਹੀਂ ਕੀਤੀ ਜਾ ਸਕੀ ਕਿ ਇਹ ਮਾਮਲਾ ਉਸੇ ਲੜਾਈ ਨਾਲ ਜੁੜਿਆ ਹੈ। ਅਜੇ ਤੱਕ ਕਿਸੇ ਨੂੰ ਗ੍ਰਿਫਤਾਰ ਨਹੀਂ ਕੀਤਾ ਜਾ ਸਕਿਆ ਤੇ ਨਾ ਹੀ ਕਿਸੇ ਮਸ਼ਕੂਕ ਬਾਰੇ ਕੋਈ ਜਾਣਕਾਰੀ ਜਾਰੀ ਕੀਤੀ ਗਈ ਹੈ।

# ਪਾਕਿਸਤਾਨ ਵਿਚਲੀਆਂ ਧਾਰਮਿਕ ਘੱਟਗਿਣਤੀਆਂ ਬਾਰੇ ਯੂਰਪੀਅਨ ਪਾਰਲੀਆਮੈਂਟੇਰੀਅਨਜ਼ ਨੇ ਜਾਰੀ ਕੀਤੀ ਰਿਪੋਰਟ

*ਧਾਰਮਿਕ ਘੱਟਗਿਣਤੀਆਂ ਦੀ ਹਾਲਤ ਸੁਧਾਰਨ ਲਈ ਪਾਕਿਸਤਾਨ ਨੂੰ ਕੀਤੀ ਤਾੜਨਾ
*ਅਸਫਲ ਹੋਣ ਦੀ ਸੂਰਤ ਵਿੱਚ ਪਾਕਿਸਤਾਨ ਨੂੰ ਦਿੱਤੀ ਜਾਣ ਵਾਲੀ ਆਰਥਿਕ ਮਦਦ ਘਟਾਉਣ ਦੀ ਦਿੱਤੀ ਚੇਤਾਵਨੀ

ਬਰੱਸਲਜ਼, 11 ਜੂਨ (ਪੋਸਟ ਬਿਊਰੋ) : ਯੂਰਪੀਅਨ ਪਾਰਲੀਆਮੈਂਟ ਦੇ ਮੈਂਬਰਜ਼ ਵੱਲੋਂ ਬਰੱਸਲਜ਼ ਵਿੱਚ ਆਪਣੀ ਰਿਪੋਰਟ "ਰਲੀਜੀਅਸ ਮਾਇਨੌਰਟੀਜ਼ ਇਨ ਪਾਕਿਸਤਾਨ" ਰਲੀਜ਼ ਕੀਤੀ ਗਈ। ਇਹ ਰਿਪੋਰਟ ਐਮਈਪੀਜ਼ ਅਲਬਰਟੋ ਸਿਰੀਓ, ਫੁਲਵੀਓ ਮਾਰਟੂਸਿਏਲੋ, ਰਿਜਾਰਡ ਜ਼ਾਰਨੈਕੀ, ਇੰਡਰੈਕ ਤਾਰਾਂਡ ਤੇ ਹੇਨਜ਼ ਕੇ ਬੈਕਰ ਵੱਲੋਂ ਕੰਪਾਈਲ ਕੀਤੀ ਗਈ।
ਇਸ ਰਿਪੋਰਟ ਦਾ ਅਸਲ ਮਕਸਦ ਪਾਕਿਸਤਾਨ ਵਿਚਲੀਆਂ ਘੱਟਗਿਣਤੀਆਂ ਦੀ ਹੋਣੀ ਵੱਲ ਧਿਆਨ ਦਿਵਾਉਣਾ ਹੈ। ਇੱਥੇ ਹੀ ਬੱਸ ਨਹੀਂ ਇਸ ਰਿਪੋਰਟ ਰਾਹੀਂ ਇਨ੍ਹਾਂ ਘੱਟਗਿਣਤੀਆਂ ਨਾਲ ਹੋਣ ਵਾਲੇ ਸੰਸਥਾਗਤ ਵਿਤਕਰੇ ਦਾ ਖੁਲਾਸਾ ਕਰਨ ਦੀ ਵੀ ਕੋਸ਼ਿਸ਼ ਕੀਤੀ ਗਈ ਹੈ।
ਇਸ ਰਿਪੋਰਟ ਵਿੱਚ ਵੱਖ ਵੱਖ ਧਾਰਮਿਕ ਘੱਟਗਿਣਤੀ ਗਰੁੱਪਜ਼ ਨੂੰ ਜਿਹੜਾ ਸ਼ੋਸ਼ਣ ਸਹਿਣਾ ਪੈਂਦਾ ਹੈ ਉਸ ਦੀ ਜਾਂਚ ਕਰਨ ਤੇ ਇਨ੍ਹਾਂ ਕਮਿਊਨਿਟੀਜ਼ ਨਾਲ ਸਬੰਧਤ ਮਹਿਲਾਵਾਂ ਨਾਲ ਹੋਣ ਵਾਲੇ ਜ਼ੁਲਮ ਸਬੰਧੀ ਕੁੱਝ ਕੁ ਕੇਸ ਸਟਡੀਜ਼ ਵੀ ਰਿਪੋਰਟ ਵਿੱਚ ਦਰਜ ਹਨ।
ਰਿਪੋਰਟ ਵਿੱਚ ਹਰੇਕ ਧਾਰਮਿਕ ਘੱਟਗਿਣਤੀ, ਫਿਰ ਭਾਵੇਂ ਉਹ ਇਸਾਈ ਹੋਣ, ਹਿੰਦੂ ਹੋਣ, ਸਿੱਖ ਹੋਣ ਜਾਂ ਅਹਿਮਦੀਆ ਮੁਸਲਮਾਨ ਹੋਣ, ਨਾਲ ਵੱਖਰੇ ਤੌਰ ਉੱਤੇ ਡੀਲ ਕੀਤਾ ਗਿਆ ਹੈ। ਇਨ੍ਹਾਂ ਧਾਰਮਿਕ ਘੱਟਗਿਣਤੀਆਂ ਨੂੰ ਅਸਲ ਜ਼ਿੰਦਗੀ ਵਿੱਚ ਦਰਪੇਸ਼ ਦਿੱਕਤਾਂ ਦੀਆਂ ਉਦਾਹਰਨਾਂ ਵੀ ਰਿਪੋਰਟ ਵਿੱਚ ਦਿੱਤੀਆਂ ਗਈਆਂ ਹਨ। ਇਸ ਤੋਂ ਇਲਾਵਾ ਰਿਪੋਰਟ ਵਿੱਚ ਪਾਕਿਸਤਾਨ ਦੇ ਪੱਖਪਾਤਪੂਰਨ ਈਸ਼ ਨਿੰਦਾ ਸਬੰਧੀ ਕਾਨੂੰਨਾਂ ਦਾ ਅਧਿਐਨ ਵੀ ਦਰਜ ਹੈ ਤੇ ਇਹ ਵੀ ਦੱਸਿਆ ਗਿਆ ਹੈ ਕਿ ਕਿਸ ਤਰ੍ਹਾਂ ਇਸ ਕਾਨੂੰਨ ਦੀ ਵਰਤੋਂ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾਉਣ ਲਈ ਕੀਤੀ ਜਾਂਦੀ ਹੈ। ਇਸ ਸਬੰਧ ਵਿੱਚ ਆਸੀਆ ਬੀਬੀ ਦਾ ਉਦਾਹਰਣ ਵੀ ਦਿੱਤਾ ਗਿਆ ਹੈ। ਆਸੀਆ ਬੀਬੀ ਉਹ ਇਸਾਈ ਮਹਿਲਾ ਹੈ ਜਿਸ ਨੂੰ ਈਸ਼ ਨਿੰਦਾ ਦੇ ਮਾਮਲੇ ਵਿੱਚ ਇਸਲਾਮਿਕ ਕੱਟੜ ਜਥੇਬੰਦੀਆਂ ਵੱਲੋਂ ਨਿਸ਼ਾਨਾ ਬਣਾਇਆ ਗਿਆ।
ਇਸ ਰਿਪੋਰਟ, ਜੋ ਕਿ ਤੱਥਾਂ ਤੇ ਅੰਕੜਿਆਂ ਉੱਤੇ ਆਧਾਰਿਤ ਹੈ, ਵਿੱਚ ਧਾਰਮਿਕ ਘੱਟਗਿਣਤੀਆਂ ਦੀ ਮੌਜੂਦਾ ਮਾੜੀ ਹਾਲਤ ਨੂੰ ਦਰਸਾਇਆ ਗਿਆ ਹੈ। ਇਹ ਉਹ ਲੋਕ ਹਨ ਜਿਹੜੇ ਸੱਭਿਆਚਾਰਕ, ਸਿਆਸੀ ਤੌਰ ਉੱਤੇ ਤੇ ਆਰਥਿਕ ਤੌਰ ਉੱਤੇ ਹਾਸ਼ੀਏ ਉੱਤੇ ਧੱਕੇ ਹੋਏ ਹਨ। ਰਿਪੋਰਟ ਵਿੱਚ ਆਖਿਆ ਗਿਆ ਹੈ ਕਿ ਨਤੀਜੇ ਵਜੋਂ ਸੁੰਨੀ ਮੁਸਲਮਾਨਾਂ ਦੀ ਬਹੁਗਿਣਤੀ ਵਾਲੇ ਪਾਕਿਸਤਾਨੀ ਸਮਾਜ ਵਿੱਚ ਧਾਰਮਿਕ ਘੱਟਗਿਣਤੀਆਂ ਨਾਲ ਕਈ ਪੱਧਰ ਉੱਤੇ ਤੇ ਕਈ ਰੂਪਾਂ ਵਿੱਚ ਵਿਤਕਰਾ ਹੁੰਦਾ ਹੈ ਜਿਵੇਂ ਕਿ ਉਨ੍ਹਾਂ ਖਿਲਾਫ ਨਿਸ਼ਾਨਾ ਸਾਧ ਕੇ ਹਿੰਸਕ ਗਤੀਵਿਧੀਆਂ ਹੁੰਦੀਆਂ ਹਨ, ਵੱਡੀ ਪੱਧਰ ਉੱਤੇ ਉਨ੍ਹਾਂ ਦਾ ਕਤਲੇਆਮ, ਇੱਕ ਇਲਾਕੇ ਤੋਂ ਦੂਜੇ ਇਲਾਕੇ ਵਿੱਚ ਉਨ੍ਹਾਂ ਦੇ ਕਤਲ, ਉਨ੍ਹਾਂ ਨੂੰ ਅਗਵਾ ਕੀਤਾ ਜਾਣਾ, ਬਲਾਤਕਾਰ, ਜ਼ਬਰਦਸਤੀ ਇਸਲਾਮ ਕਬੂਲ ਕਰਵਾਉਣਾ ਆਦਿ। ਇਸ ਨਾਲ ਪਾਕਿ-ਸਤਾਨ ਵਿਚਲੇ ਹਿੰਦੂ, ਕ੍ਰਿਸ਼ਚੀਅਨ, ਸਿੱਖ, ਅਹਿਮਦੀਆ ਤੇ ਸ਼ੀਆ ਮੁਸਲਮਾਨ ਇਸ ਖਿੱਤੇ ਵਿੱਚ ਸੱਭ ਤੋਂ ਵੱਧ ਸ਼ੋਸ਼ਣ ਦਾ ਸ਼ਿਕਾਰ ਹੋਣ ਵਾਲੀਆਂ ਘੱਟ ਗਿਣਤੀਆਂ ਹਨ।
ਇਸ ਰਿਪੋਰਟ ਵਿੱਚ ਪਾਕਿਸਤਾਨ ਨੂੰ ਇਹ ਗੁਜ਼ਾਰਿਸ਼ ਵੀ ਕੀਤੀ ਗਈ ਹੈ ਕਿ ਉਹ ਧਾਰਮਿਕ ਘੱਟਗਿਣਤੀਆਂ ਦੀ ਹਾਲਤ ਨੂੰ ਸੁਧਾਰਨ ਲਈ ਫੌਰਨ ਤੋਂ ਪੇਸ਼ਤਰ ਠੋਸ ਕਦਮ ਚੁੱਕੇ। ਇਸ ਦੇ ਅਸਫਲ ਹੋਣ ਨਾਲ ਯੂਰਪੀਅਨ ਯੂਨੀਅਨ ਵੱਲੋਂ ਪਾਕਿਸਤਾਨ ਨੂੰ ਦਿੱਤੀ ਜਾਣ ਵਾਲੀ ਆਰਥਿਕ ਮਦਦ ਦਾ ਮੁਲਾਂਕਣ ਕੀਤਾ ਜਾਵੇਗਾ ਤੇ ਇਸ ਸਬੰਧ ਵਿੱਚ ਹੱਥ ਘੁੱਟਿਆ ਵੀ ਜਾ ਸਕਦਾ ਹੈ।

# ਸਿਮਰਜੀਤ ਬੈਂਸ ਦੀ ਲੋਕ ਇਨਸਾਫ ਪਾਰਟੀ ਨੂੰ ਵੱਡਾ ਝਟਕਾ

* ਇਕੋ ਦਿਨ 6 ਜ਼ਿਲਾ ਪ੍ਰਧਾਨਾਂ ਸਮੇਤ 7 ਆਗੂਆਂ ਦੇ ਅਸਤੀਫ਼ੇ

ਲੁਧਿਆਣਾ, 11 ਜੂਨ, (ਪੋਸਟ ਬਿਊਰੋ)- ਲੋਕ ਇਨਸਾਫ਼ ਪਾਰਟੀ ਦੇ ਮੁਖੀ ਸਿਮਰਜੀਤ ਸਿੰਘ ਬੈਂਸ ਨੂੰ ਅੱਜ ਵੱਡਾ ਝਟਕਾ ਲੱਗਾ,ਜਦੋਂਪਾਰਟੀ ਦੇ ਯੂਥ ਵਿੰਗ ਦੇ ਸੂਬਾ ਪ੍ਰਧਾਨ ਸੁਰਿੰਦਰ ਸਿੰਘ ਗਰੇਵਾਲ ਨੇ ਅਸਤੀਫ਼ਾ ਦੇ ਦਿਤਾ ਹੈ। ਸਿਰਫ਼ ਇਹੀ ਨਹੀਂ, ਉਸ ਦੇ ਨਾਲ 6 ਜ਼ਿਲ੍ਹਾ ਪ੍ਰਧਾਨ ਵੀ ਅਸਤੀਫ਼ਾ ਦੇ ਗਏ ਹਨ, ਜਿਨ੍ਹਾਂ ਵਿੱ-ਚਤਰਨਤਾਰਨ ਤੋਂ ਅੰਗਰੇਜ ਸਿੰਘ ਲਾਡੀ, ਕਪੂਰਥਲਾ ਦੇ ਅਮਨਦੀਪ ਸਿੰਘ ਸਹੋਤਾ, ਜਲੰਧਰ ਦੇ ਇਕਬਾਲ ਸਿੰਘ, ਹੁਸ਼ਿਆਰਪੁਰ ਤੋਂ ਸੁਖਵਿੰਦਰ ਸਿੰਘ, ਫ਼ਤਿਹਗੜ੍ਹ ਸਾਹਿਬ ਤੋਂ ਹਰਜਿੰਦਰ ਸਿੰਘ ਤੇ ਗੁਰਦਾਸਪੁਰ ਤੋਂ ਦਮਨਜੀਤ ਸਿੰਘ ਗਰੇਵਾਲ ਸ਼ਾਮਲ ਹਨ।
ਇਨ੍ਹਾਂ ਸਾਰੇ ਆਗੂਆਂ ਨੇ ਅਸਤੀਫ਼ਾ ਦੇਣ ਪਿੱਛੋਂ ਸੁਰਿੰਦਰ ਸਿੰਘ ਗਰੇਵਾਲ ਦੀ ਅਗਵਾਈ ਹੇਠ ਦੋਸ਼ ਲਾਇਆ ਕਿ ਸਿਮਰਜੀਤ ਸਿੰਘ ਬੈਂਸ ਦੇ ਅੜੀਅਲ ਵਿਹਾਰ ਤੋਂ ਤੰਗ ਆ ਚੁੱਕੇ ਹਨ, ਜਿਸ ਕਰਕੇ ਉਹ ਅਪਣੇ ਅਹੁਦਿਆਂ ਤੋਂ ਅਸਤੀਫ਼ੇ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਪੰਜਾਬ ਲਈਜਿੰਨਾ ਕੰਮ ਕੀਤਾ ਹੈ, ਉਸ ਦੀ ਕੋਈ ਕਦਰ ਨਹੀਂ ਪਈ, ਸਗੋਂ ਢਾਂਚਾ ਭੰਗ ਕਰਕੇ ਉਨ੍ਹਾਂ ਦੀ ਪਿੱਠ ਵਿੱਚ ਛੁਰਾ ਮਾਰਿਆ ਹੈ, ਜਿਸ ਤੋਂ ਉਹ ਨਾਰਾਜ਼ ਹਨ। ਗਰੇਵਾਲ ਨੇ ਕਿਹਾ ਕਿ ਸਿਮਰਜੀਤ ਬੈਂਸ ਦੀ ਤਾਨਾਸ਼ਾਹੀ ਨੂੰ ਨਕਾਰਦੇ ਹੋਏ ਉਨ੍ਹਾਂ ਨੇ ਇਹ ਕਦਮ ਚੁੱਕਿਆ ਹੈ।

# ਨਾਨਕਸਰ ਠਾਠ ਦੇ ਸੇਵਾਦਾਰਾਂ ਵਿਰੁੱਧ ਬਲਾਤਕਾਰ ਦੀ ਕੋਸ਼ਿਸ਼ ਦਾ ਕੇਸ ਦਰਜ, ਇੱਕ ਕਾਬੂ



ਮੋਗਾ, 11 ਜੂਨ (ਪੋਸਟ ਬਿਊਰੋ)- ਇਸ ਮਹਾਨਗਰ ਦੇ ਥਾਣਾ ਸਿਟੀ-2 ਦੀ ਪੁਲਸ ਨੇ ਬਲਾਤਕਾਰ ਦੀ ਕੋਸ਼ਿਸ਼ ਦੇ ਦੋਸ਼ਾਂ ਹੇਠਾਂ ਨਾਨਕਸਰ ਠਾਠ ਜਗਰਾਓਂ ਦੇ ਤਿੰਨ ਸੇਵਾਦਾਰਾਂ ਵਿਰੁੱਧ ਕੇਸ ਦਰਜ ਕੀਤਾ ਹੈ, ਜਿਨ੍ਹਾਂ 'ਚੋਂ ਇੱਕ ਨੂੰ ਗ੍ਰਿਫਤਾਰ ਕਰ ਲਿਆ ਹੈ। ਇਨ੍ਹਾਂ ਉਤੇ ਦੋਸ਼ ਹੈ ਕਿ ਇਹ ਧਾਰਮਕ ਅਸਥਾਨ ਦੇ ਅੰਦਰ ਹੀ ਆਪਣੇ ਕਮਰੇ ਵਿੱਚ ਨਾਬਾਲਗ ਲੜਕੀਆਂ ਨਾਲ ਬਲਾਤਕਾਰ ਦੀ ਕੋਸ਼ਿਸ਼ ਕਰਦੇ ਸਨ, ਜਿਸ ਦੇ ਬਾਰੇ ਕੇਸ ਦਰਜ ਹੋਇਆ ਹੈ।
ਇਸ ਮਾਮਲੇ ਦੀ ਜਾਂਚ ਕਰ ਰਹੇ ਸਬ ਇੰਸਪੈਕਟਰ ਕਰਮਜੀਤ ਕੌਰ ਨੇ ਦੱਸਿਆ ਕਿ ਇਸ ਕੇਸ ਵਿੱਚ ਭਾਨਾ ਸਿੰਘ ਪੁੱਤਰ ਚੁੰਨੀ ਲਾਲ ਸਰਦਾਰ ਨਗਰ ਮੋਗਾ, ਮਨਜੀਤ ਸਿੰਘ ਨੇਹੀਆਂਵਾਲਾ ਤੇ ਅਸ਼ੋਕ ਕੁਮਾਰ ਸਰਦਾਰ ਨਗਰ ਮੋਗਾ ਵਿਰੁੱਧ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਦੋਸ਼ੀ ਨੂੰ ਇਲਾਕਾ ਜੁਡੀਸ਼ਲ ਮੈਜਿਸਟਰੇਟ ਦੀ ਅਦਾਲਤ 'ਚ ਪੇਸ਼ ਕੀਤਾ ਤਾਂ ਅਦਾਲਤ ਨੇ ਉਸ ਨੂੰ 14 ਦਿਨਾਂ ਦੀ ਜੁਡੀਸ਼ਲ ਹਿਰਾਸਤ ਵਿੱਚ ਭੇਜ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਪੀੜਤ ਲੜਕੀ ਦੀ ਮਾਂ ਮਿਹਨਤ-ਮਜ਼ਦੂਰੀ ਦਾ ਕੰਮ ਕਰਦੀ ਹੈ। ਪੁਲਸ ਦੇ ਮੁਤਾਬਕ ਬੀਤੀ ਅੱਠ ਜੂਨ ਨੂੰ ਪੀੜਤ ਔਰਤ ਦੀ 12 ਸਾਲ ਧੀ ਗੁਆਂਢੀਆਂ ਦੀ ਲੜਕੀ ਨਾਲ ਛਬੀਲ ਲੈਣ ਗਈ ਸੀ। ਇਸ ਮੌਕੇ ਮੁਲਜ਼ਮ ਭਾਨਾ ਸਿੰਘ ਅਤੇ ਅਸ਼ੋਕ ਕੁਮਾਰ ਨੇ ਉਨ੍ਹਾਂ ਨੂੰ ਵਰਗਲਾ ਲਿਆ ਤੇ ਰੇਲ ਗੱਡੀ ਵਿੱਚ ਬਿਠਾ ਕੇ ਗੁਰਦੁਆਰਾ ਨਾਨਕਸਰ ਜਗਰਾਓਂ ਵਿਖੇ ਗ੍ਰਿਫਤਾਰ ਦੋਸ਼ੀ ਬਾਬਾ ਮਨਜੀਤ ਸਿੰਘ, ਜੋ ਗੁਰਦੁਆਰਾ ਨਾਨਕਸਰ ਜਗਰਾਓਂ ਵਿਖੇ ਸੇਵਾ ਕਰਦਾ ਹੈ, ਦੇ ਕਮਰੇ ਵਿੱਚ ਛੱਡ ਕੇ ਆ ਗਏ। ਮਨਜੀਤ ਸਿੰਘ ਨੇ ਰਾਤ ਸਮੇਂ ਪੀੜਤ ਧੀ ਦੀ ਨਾਲ ਬਲਾਤਕਾਰ ਦੀ ਕੋਸ਼ਿਸ਼ ਕੀਤੀ ਤਾਂ ਦੋਵਾਂ ਲੜਕੀਆਂ ਵੱਲੋਂ ਰੌਲਾ ਪਾਉਣ 'ਤੇ ਦੋਸ਼ੀ ਉਨ੍ਹਾਂ ਨੂੰ ਛੱਡ ਕੇ ਭੱਜ ਗਿਆ। ਇਸ ਪਿੱਛੋਂ ਪੀੜਤ ਪਰਵਾਰ ਨੇ ਪੁਲਸ ਨੂੰ ਸ਼ਿਕਾਇਤ ਦਿੱਤੀ ਅਤੇ ਪੁਲਸ ਨੇ ਕੇਸ ਦਰਜ ਕਰ ਕੇ ਮੁਲਜ਼ਮ ਮਨਜੀਤ ਸਿੰਘ, ਜੋ ਨਾਨਕਸਰ ਠਾਠ ਦਾ ਸੇਵਾਦਾਰ ਹੈ, ਨੂੰ ਗ੍ਰਿਫਤਾਰ ਕਰ ਲਿਆ ਹੈ।







**Paramjit Deol** Broker
**CELL: 416-993-7378**
7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca

**Your neighborhood broker, Call Paramjit Deol Today**

**TORONTO $2,150** — **50 Bruyeres Mews 901:** Great Prime Downtown Location! 1 Bedroom + 1 Bath Suite Very Spacious Layout Laminate Floor, Open Concept Kitchen. Stainless Steel Appliances, Granite Counter, Ensuite Laundry, Amenities Included, Gym, Media Room. etc.

**MISSISAUGA $99,900** — **1224 Dundas St W :** Turn Key Operation, Be Your Own Boss Today, Well Established Hair Salon & Barber Shop Situated In A Very Busy Plaza Located In A Prestige Area Of Erindale Woodlands, Thousands Spent On Renovations Recently. Very low rent.

**St. Catharine $199,999** — **73 St Paul :** Excellent Turn Key Operation, Well Established Franchise Vape & Smoke Shops. Great Opportunity For Entrepreneurs That Want To Think Outside The Box!! Situated In A High Traffic Area.

**BRAMPTON $229,000** — Photo Not Available — **10970 Bramalea Rd:** Fantastic Opportunity In The Heart Of Brampton, Very Busy Restaurant Available , Excellent Location And Repeat Clientele , You Will Not Be Disappointed . Flexible Business Hours. Serving Both Indian & Canadian Items. Will Not Last Long!

**BRAMPTON $75,000** — Photo Not Available — **135 Inspire Blvd:** Turn Key Operation, Great Opportunity To Own A Well Established & Busy Pizza Store, Located In High Demanded Area Of Brampton, Sales Are $20,000 As Per Seller, Very Low Rent Of $1920 Per Month, Close To Schools,Commercial & Industrial area.

**MISSISSAUGA $169,900** — Photo Not Available — **7215 Goreway dr :** Attention Investors!! Great Opportunity To Own A Unit In A Very Busy Plaza, Fully Constructed For Barber Shop Or Hair Salon, 3 Stations, Great Exposure And High Traffic Flow Daily Right Beside Fit4Less, Walmart, Freshco, Shoppers Drug Mart, Lcbo Close To amenities.

**TORONTO $289,000** — **Kipling/Dixon/401:** Oversized Large Spacious 3 Bedroom Apartment With 2 Washrooms Beautifully Maintained. Many Upgrades To The Common Elements Of This Building , Very Desirable Neighbourhood To Live In Or Invest. Close To All Amenities

**BURLINGTON $299,000** — **701 GUELPH LINE :** Excellent Turn Key Operation, Well Established Franchise Vape & Smoke Shops. Great Opportunity For Entrepreneurs That Want To Think Outside The Box!! Situated In A High Traffic Area, Great Clientele.

**BRAMPTON $789,800** — **Queen St/ Chinguacousy:** Fieldgate Home, Gas Fireplace, Entrance To Garage, Central Vac Rough-In, 9 Ft Ceilings, Cold Cellar, 3 Pcs Rough-In Bath In Bsmt, Glass Shower & Oval Soaker Tub In Master Ensuite, Tray Ceiling In Master, Upgraded kitchen.

**BRAMPTON $330,000** — SUBWAY eat fresh. — **3024 Hurontario St G7 :** Well Established. Turn Key Operation Subway Franchise, Be Your Own Boss Today, Located In A High Density Intersection, High Volume Traffic Flow, Sales Are $32,000.

**BRAMPTON $449,000** — **315 Royal West Dr F & G :** Be Your Own Boss Today! Opportunity To Own A Known Fitness Franchise "Anytime Fitness" Located In Brampton West, Newer Plaza, 750 Members & Growing, All New Equipment. Sales Are $30,000/Month,

**CALEDON $399,000** — Photo Not Available — **12612 HIGHWAY 50:** Sale Of Business Without Property Bakery
Please call 905-405-8484

**BRANTFORD $499,000** — Photo Not Available — **639 Collarbone St W:** Land For Sale! Amazing Opportunity For Investors, 1.4 Acres Land Huge Frontage Of 321.81 Facing Colborne St W, Many Uses Allowed Some Are Veterinary Clinic, Nursery & Garden Centre, Medical Marijuana Productions Facility Car Wash, Lumber Mill, Contractor Yard.

**New Tecumseth $899,800** — **73 Morrison Ave:** One Of A Kind Home With Custom Design Changes, Butlers Pantry, Main Floor Laundry & Added Sq Ft! 9' +/- Main Floor Ceilings, Under-Mount Kitchen Sink, Wall-Mount Pot Filler. Entrance To Garage From Home. Finished Basement.

**MISSISSAUGA $629,000** — Photo Not Available — **7680 Benavon Rd:** Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

**WOODSTOCK $1,125,000** — **257 Dundas St:** Fantastic Investment Opportunity!! Brand New Built Store Front W/Apt, Situated In A Prime Location In Woodstock, Retail Area 1500 Sq Ft & Basement Included For Storage, 3 Bedroom Apartment On Upper Level, Brand New Built.

*Canadian punjabi post assumes no responsibility for the accuracy of any information shown. Copyright Ppost 2019

# 22-23 ਜੂਨ ਨੂੰ ਹੋਣ ਵਾਲੀ ਵਿਸ਼ਵ ਪੰਜਾਬੀ ਕਾਨਫ਼ਰੰਸ ਦੀਆਂ ਤਿਆਰੀਆਂ ਮੁਕੰਮਲ

## ਭਾਰਤ ਤੋਂ ਇਲਾਵਾ ਅਮਰੀਕਾ ਇੰਗਲੈਂਡ ਤੇ ਆਸਟ੍ਰੇਲੀਆ ਤੋਂ ਵੀ ਆ ਰਹੇ ਹਨ ਵਿਦਵਾਨ



ਬਰੈਂਪਟਨ, (ਡਾ. ਝੰਡ) ਬਰੈਂਪਟਨ ਵਿਚ 22 ਅਤੇ 23 ਜੂਨ ਨੂੰ ਆਯੋਜਿਤ ਕੀਤੀ ਜਾ ਰਹੀ 'ਵਿਸ਼ਵ ਪੰਜਾਬੀ ਕਾਨਫ਼ਰੰਸ' ਦੀਆਂ ਤਿਆਰੀਆਂ ਪ੍ਰਬੰਧਕਾਂ ਅਨੁਸਾਰ ਮੁਕੰਮਲ ਹੋ ਚੁੱਕੀਆਂ ਹਨ। ਇਸ ਸਬੰਧੀ ਬਣਾਈਆਂ ਗਈਆਂ ਵੱਖ-ਵੱਖ ਕਮੇਟੀਆਂ ਆਪੋ-ਆਪਣੀਆਂ ਡਿਊਟੀਆਂ ਪੂਰੀ ਜ਼ਿਮੇਂਵਾਰੀ ਨਾਲ ਸੰਭਾਲ ਰਹੀਆਂ ਹਨ। ਇਸ ਕਾਨਫ਼ਰੰਸ ਵਿਚ ਭਾਰਤ ਤੋਂ ਇਲਾਵਾ ਅਮਰੀਕਾ ਅਤੇ ਆਸਟ੍ਰੇਲੀਆ ਤੋਂ ਵੀ ਵਿਦਵਾਨ ਸ਼ਿਰਕਤ ਕਰ ਰਹੇ ਹਨ ਜੋ ਆਪਣੇ ਖੋਜ-ਪੇਪਰਾਂ ਰਾਹੀਂ ਗੁਰੂ ਨਾਨਕ ਦੇਵ ਜੀ ਦੇ ਜੀਵਨ, ਰਚਨਾ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਸਬੰਧੀ ਜਾਣਕਾਰੀ ਹਾਜ਼ਰੀਨ ਨਾਲ ਸਾਂਝੀ ਕਰਨਗੇ। ਇਸ ਦੇ ਨਾਲ ਹੀ ਗਰੇਟਰ ਟੋਰਾਂਟੋ ਏਰੀਏ ਅਤੇ ਵੈਨਕੂਵਰ ਦੇ ਲੇਖਕਾਂ ਅਤੇ ਉੱਘੀਆਂ ਪੰਜਾਬੀ ਸ਼ਖ਼ਸੀਅਤਾਂ ਤੇ ਸੰਸਥਾਵਾਂ ਵੱਲੋਂ ਵੀ ਕਾਨਫ਼ਰੰਸ ਲਈ ਭਰਵਾਂ ਹੁੰਗਾਰਾ ਪ੍ਰਾਪਤ ਹੋ ਰਿਹਾ ਹੈ। ਇੱਥੇ ਇਹ ਵੀ ਖਿਆਲ ਰੱਖਿਆ ਗਿਆ ਹੈ ਕਿ ਕੈਨੇਡਾ ਅਤੇ ਖ਼ਾਸ ਕਰਕੇ ਟੋਰਾਂਟੋ ਦੇ ਇਲਾਕੇ ਵਿਚ ਵੱਸਣ ਵਾਲੇ ਲੇਖਕਾਂ ਤੇ ਵਿਦਵਾਨਾਂ ਦੀ ਇਸ ਵਿਚ ਭਰਵੀਂ ਸ਼ਮੂਲੀਅਤ ਹੋਵੇ। ਇਸ ਲਈ ਉਨ੍ਹਾਂ ਵਿਚੋਂ ਕਈਆਂ ਕੋਲੋਂ ਉਚੇਚੇ ਤੌਰ 'ਤੇ ਪੇਪਰ ਲਿਖਵਾਏ ਗਏ ਹਨ ਜੋ ਉਨ੍ਹਾਂ ਦੁਆਰਾ ਇਸ ਕਾਨਫ਼ਰੰਸ ਵਿਚ ਪੇਸ਼ ਕੀਤੇ ਜਾਣਗੇ।

ਇਸ ਦੌਰਾਨ ਕਾਨਫ਼ਰੰਸ ਦੇ ਸਰਪ੍ਰਸਤ ਡਾ ਸੋਲੋਮਨ ਨਾਜ਼ ਅਤੇ ਵਾਈਸ ਪ੍ਰਧਾਨ ਸ਼੍ਰੀਮਤੀ ਸੁਰਜੀਤ ਕੌਰ ਨੇ ਦੱਸਿਆ ਕਿ ਬਹੁਤ ਸਾਰੇ ਵਿਦਵਾਨਾਂ ਦੇ ਖੋਜ-ਪੱਤਰ ਉਨ੍ਹਾਂ ਨੂੰ ਪ੍ਰਾਪਤ ਹੋ ਚੁੱਕੇ ਹਨ। ਇਨ੍ਹਾਂ ਪੇਪਰਾਂ ਨੂੰ ਸੰਪਾਦਿਤ ਕਰਕੇ ਖ਼ੂਬਸੂਰਤ ਪੁਸਤਕ-ਰੂਪ ਵਿਚ ਛਾਪਿਆ ਜਾਏਗਾ ਜੋ ਕਿ ਗੁਰੂ ਨਾਨਕ ਦੇਵ ਜੀ ਦੇ 550'ਵੇਂ ਪ੍ਰਕਾਸ਼ ਦਿਹਾੜੇ 'ਤੇ ਲੋਕ-ਅਰਪਿਤ ਕੀਤੀ ਜਾਏਗੀ। ਕਾਨਫ਼ਰੰਸ ਦੇ ਚੇਅਰਪਰਸਨ ਗਿਆਨ ਸਿੰਘ ਕੰਗ ਨੇ ਕਿਹਾ ਕਿ ਕਾਨਫ਼ਰੰਸ ਵਿਚ ਸ. ਬੀਰ ਦਵਿੰਦਰ ਸਿੰਘ ਸਾਬਕਾ ਸਪੀਕਰ ਪੰਜਾਬ ਵਿਧਾਨ ਸਭਾ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਰਜਿਸਟਰਾਰ ਡਾ. ਮਨਜੀਤ ਸਿੰਘ ਨਿੱਝਰ, ਉੱਘੇ ਅਰਥ-ਸ਼ਾਸਤਰੀ ਤੇ ਚਿੰਤਕ ਪ੍ਰੋ ਸੁੱਚਾ ਸਿੰਘ ਗਿੱਲ, ਡਾ. ਭੀਮ ਇੰਦਰ ਸਿੰਘ, ਡਾ. ਮੋਹਨ ਤਿਆਗੀ, ਡਾ. ਮੁਹੰਮਦ ਇੰਦਰੀਸ ਮੁਖੀ ਇਤਿਹਾਸ ਵਿਭਾਗ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਡਾ. ਸੁਖਜਿੰਦਰ ਸਿੰਘ ਗਿੱਲ, ਕੁਰੂਕਸ਼ੇਤਰਾ ਯੂਨੀਵਰਸਿਟੀ ਦੇ ਸਾਬਕਾ ਡੀਨ ਡਾ. ਨਰਵਿੰਦਰ ਸਿੰਘ ਕੌਸ਼ਲ, ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਮੀਤ ਪ੍ਰਧਾਨ ਸਹਿਜਪ੍ਰੀਤ ਸਿੰਘ ਮਾਂਗਟ, ਮੋਦੀ ਕਾਲਜ ਪਟਿਆਲਾ ਦੇ ਪ੍ਰਿੰਸੀਪਲ ਖ਼ੁਸ਼ਵਿੰਦਰ ਕੁਮਾਰਗੌਰਮਿੰਟ ਕਾਲਜ ਆਫ਼ ਐਜੂਕੇਸ਼ਨ ਦੇ ਡਾ.ਕੰਵਰ ਜਸਮਿੰਦਰਪਾਲ ਸਿੰਘ, ਪ੍ਰੋ. ਵਰਦੇਵ ਸਿੰਘ ਤੇ ਪ੍ਰੋ ਰੁਪਿੰਦਰ ਸਿੰਘ ਅਤੇ ਹੋਰ ਬਹੁਤ ਸਾਰੇ ਵਿਦਵਾਨ ਸ਼ਿਰਕਤ ਕਰ ਰਹੇ ਹਨ। ਅਮਰੀਕਾ ਤੋਂ ਡਾ.ਗੁਰਬਖ਼ਸ਼ ਸਿੰਘ ਭੰਡਾਲ, ਡਾ. ਸੁਖਦੇਵ ਸਿੰਘ ਸ਼ਾਂਤ, ਦਲਵੀਰ ਸਿੰਘ ਨਿੱਜਰ ਤੇ ਮਨਜੀਤ ਕੌਰ ਗਿੱਲ ਅਤੇ ਆਸਟ੍ਰੇਲੀਆ ਤੋਂ ਪ੍ਰਭਜੋਤ ਸਿੰਘ ਸੰਧੂ, ਬਲਦੇਵ ਸਿੰਘ ਨਿੱਝਰ, ਜਗਤਾਰ ਸਿੰਘ, ਪਰਮਜੀਤ ਸਿੰਘ ਬੇਨੀਪਾਲ, ਪ੍ਰੀਤਮ ਸਿੰਘ ਬੇਨੀਪਾਲ ਤੇ ਮੱਖਣ ਸਿੰਘ ਹੇਅਰ ਤਸ਼ਰੀਫ਼ ਲਿਆ ਰਹੇ ਹਨ। ਏਸੇ ਤਰ੍ਹਾਂ ਉਨ੍ਹਾਂ ਇੰਗਲੈਂਡ ਤੋਂ ਵੀ ਕਈ ਵਿਦਵਾਨਾਂ ਨੇ ਇੱਥੇ ਕਾਫ਼ਰੰਸ ਵਿਚ ਸ਼ਾਮਲ ਹੋਣ ਬਾਰੇ ਦੱਸਿਆ।।

ਕਾਨਫ਼ਰੰਸ ਦੇ ਪ੍ਰਧਾਨ ਕਮਲਜੀਤ ਲਾਲੀ ਕਿੰਗ ਨੇ ਦੱਸਿਆ ਕਿ ਕਾਨਫ਼ਰੰਸ ਦੇ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ ਅਤੇ ਹੁਣ ਉਨ੍ਹਾਂ ਨੂੰ ਵੱਖ-ਵੱਖ-ਦੇਸ਼ਾਂ ਤੋਂ ਆਉਣ ਵਾਲੇ ਵਿਦਵਾਨਾਂ ਦੀ ਹੀ ਉਡੀਕ ਹੈ ਜੋ ਇਸ ਹਫ਼ਤੇ ਅਤੇ ਅਗਲੇ ਹਫ਼ਤੇ ਦੌਰਾਨ ਇੱਥੇ ਪਹੁੰਚ ਰਹੇ ਹਨ। ਇਹ ਦੱਸਣਯੋਗ ਹੈ ਕਿ ਇਹ ਦੋ-ਦਿਨਾਂ ਵਿਸ਼ਵ ਕਾਨਫ਼ਰੰਸ 22 ਅਤੇ 23 ਜੂਨ 2019 ਨੂੰ Saprenza Banquet Hall, 510 Deerhurst Dr., Brampton ਵਿਚ ਹੋ ਰਹੀ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਲਈ ਚੇਅਰਮੈਨ ਗਿਆਨ ਸਿੰਘ ਕੰਗ (416-427-9068), ਪ੍ਰਧਾਨ ਕਮਲਜੀਤ ਸਿੰਘ ਲਾਲੀ ਕਿੰਗ (416-816-6663), ਜਨਰਲ ਸਕੱਤਰ ਪ੍ਰੋ. ਜਗੀਰ ਸਿੰਘ ਕਾਹਲੋਂ (647-533-8297) ਅਤੇ ਮੀਡੀਆ-ਕੋਆਰਡੀਨੇਟਰ ਚਮਕੌਰ ਸਿੰਘ ਮਾਛੀਕੇ (416-880-8538) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# 'ਸਕਾਈ ਇਮੀਗ੍ਰੇਸ਼ਨ' ਦੇ ਅਮਰਦੀਪ ਸਿੰਘ ਉਰਫ਼ ਸੈਮ ਤੇ ਰਵੀ ਗੇਂਜਰ ਵੱਲੋਂ ਟੀ.ਪੀ.ਏ.ਆਰ. ਕਲੱਬ ਦੀ 500 ਡਾਲਰ ਨਾਲ ਹੌਸਲਾ-ਅਫ਼ਜ਼ਾਈ



ਬਰੈਂਪਟਨ, (ਡਾ. ਝੰਡ) -ਟੀ.ਪੀ.ਏ.ਆਰ. ਕਲੱਬ ਨੇ ਪਿਛਲੇ ਕੁਝ ਸਾਲਾਂ ਤੋਂ ਆਪਣੀਆਂ ਵੱਖ-ਵੱਖ ਸਰਗਰਮੀਆਂ ਨਾਲ ਬਰੈਂਪਟਨ, ਮਿਸੀਸਾਗਾ ਅਤੇ ਇਸ ਦੇ ਆਸ-ਪਾਸ ਦੇ ਇਲਾਕਿਆਂ ਵਿਚ ਵਿਚਰ ਰਹੀਆਂ ਕਮਿਊਨਿਟੀਆਂ ਵਿਚ ਆਪਣਾ ਕਾਫ਼ੀ ਨਾਂ ਬਣਾ ਲਿਆ ਹੈ। ਬਹੁਤ ਸਾਰੇ ਨਵੇਂ ਮੈਂਬਰ ਇਸ ਵਿਚ ਸ਼ਾਮਲ ਹੋ ਰਹੇ ਹਨ ਅਤੇ ਇਸ ਦੇ ਮੈਂਬਰਾਂ ਦੀ ਗਿਣਤੀ ਹੁਣ 200 ਤੋਂ ਵਧੀਕ ਹੋ ਗਈ ਹੈ।

ਜਿੱਥੇ ਇਸ ਦੇ ਮੈਂਬਰ ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਡੇਸ਼ਨ ਵੱਲੋਂ ਹਰ ਸਾਲ ਕਰਵਾਏ ਜਾਂਦੇ ਈਵੈਂਟ 'ਇੰਸਪੀਰੇਸ਼ਨਲ ਸਟੈਪਸ', ਡਾਊਨਟਾਊਨ ਟੋਰਾਂਟੋ ਵਿਚ ਹਰ ਸਾਲ ਕਰਵਾਈ ਜਾਂਦੀ 'ਸਕੋਸ਼ੀਆਬੈਂਕ ਵਾਟਰਫ਼ਰੰਟ ਮੈਰਾਥਨ', ਟੋਰਾਂਟੋ ਪੀਅਰਸਨ ਏਅਰਪੋਰਟ ਸਰਵਿਸਿਜ਼ ਕਲੱਬ ਵੱਲੋਂ ਕਰਵਾਈ ਜਾਂਦੀ 'ਰੱਨਵੇਅ ਰੱਨ', ਟੋਰਾਂਟੋ ਪੀਅਰਸਨ ਏਅਰਪੋਰਟ ਟੈਕਸੀ ਐਂਡ ਲਿਮੋਜ਼ੀਨ ਡਰਾਈਵਰਜ਼ ਐਸੋਸੀਏਸ਼ਨ ਵੱਲੋਂ ਕਰਵਾਏ ਜਾਂਦੇ ਸਪੋਰਟਸ ਟੂਰਨਾਮੈਂਟਾਂ ਅਤੇ 'ਐਨਲਾਈਟ ਕਿੱਡਜ਼ ਕਲੱਬ' ਤੇ 'ਨੌਰਥ ਅਮੈਰੇਕਨ ਤਰਕਸ਼ੀਲ ਸੋਸਾਇਟੀ' ਵੱਲੋਂ ਆਯੋਜਿਤ ਕੀਤੀ ਜਾਂਦੀਆਂ 5 ਕਿਲੋਮੀਟਰ ਤੇ 10 ਕਿਲੋਮੀਟਰ ਦੌੜਾਂ ਵਿਚ ਭਾਗ ਲੈਂਦੇ ਹਨ, ਉੱਥੇ ਉਹ ਹਰ ਸਾਲ ਸੀ.ਐੱਨ.ਟਾਵਰ ਦੀਆਂ 1776 ਪੌੜੀਆਂ ਚੜ੍ਹਨ ਵਾਲੇ ਈਵੈਂਟ ਵਿਚ ਵੀ ਬੜੇ ਉਤਸ਼ਾਹ ਨਾਲ ਆਪਣਾ ਭਰਪੂਰ ਯੋਗਦਾਨ ਪਾਉਂਦੇ ਹਨ। ਕਲੱਬ ਦੇ ਮੈਂਬਰਾਂ ਪ੍ਰਸਿੱਧ ਮੈਰਾਥਨ ਦੌੜਾਕਾਂ ਸੂਰਤ ਸਿੰਘ ਚਾਹਲ, ਧਿਆਨ ਸਿੰਘ ਸੋਹਲ, ਆਦਿ ਵਿਚ ਇਸ ਸਾਲ ਨਵਾਂ ਨਾਮ 51-ਸਾਲਾ ਸੰਜੂ ਗੁਪਤਾ ਦਾ ਜੁੜਿਆ ਹੈ ਜੋ ਹੁਣ ਤੀਕ 16 ਫੁੱਲ-ਮੈਰਾਥਨਾਂ, 126 ਹਾਫ਼-ਮੈਰਾਥਨਾਂ ਅਤੇ 110 ਦੇ ਕਰੀਬ 10 ਕਿਲੋਮੀਟਰ ਦੌੜਾਂ ਵਿਚ ਭਾਗ ਲੈ ਚੁੱਕਾ ਹੈ ਅਤੇ ਲੱਗਭੱਗ ਹਰੇਕ ਹਫ਼ਤੇ ਹੀ ਕਿਸੇ ਨਾ ਕਿਸੇ ਲੰਮੀ ਦੌੜ ਵਿਚ ਸ਼ਾਮਲ ਹੁੰਦਾ ਹੈ। ਟੀ.ਪੀ.ਏ.ਆਰ. ਕਲੱਬ ਦੇ ਮੈਂਬਰਾਂ ਦੀ ਇਸ ਵਧੀਆ ਕਾਰਗੁਜ਼ਾਰੀ ਨੂੰ ਵੇਖਦਿਆਂ ਹੋਇਆਂ ਕਈ ਸਮਾਜ-ਸੇਵੀ ਸੰਸਥਾਵਾਂ ਅਤੇ ਬਿਜ਼ਨੈੱਸ-ਅਦਾਰੇ ਉਨ੍ਹਾਂ ਦੇ ਇਸ ਉੱਦਮ ਦੀ ਲਗਾਤਾਰ ਸ਼ਲਾਘਾ ਕਰ ਰਹੇ ਹਨ ਅਤੇ ਮਾਇਕ-ਸਹਾਇਤਾ ਦੇ ਕੇ ਉਨ੍ਹਾਂ ਦੀ ਹੌਸਲਾ-ਅਫ਼ਜ਼ਾਈ ਕਰ ਰਹੇ ਹਨ। ਇਨ੍ਹਾਂ ਵਿਚ 'ਗਰੇਟਰ ਟੋਰਾਂਟੋ ਮੌਰਟਗੇਜਜ਼' ਦੇ ਬਲਜਿੰਦਰ ਲੇਲਣਾ, ਜਸਪਾਲ ਗਰੇਵਾਲ। ਸੁਭਾਸ਼ ਸ਼ਰਮਾ ਤੇ ਸੁਰਿੰਦਰ ਧਾਲੀਵਾਲ, 'ਜੀ.ਐੱਮ. ਮੋਟਰਜ਼', ਰੀਅਲ ਅਸਟੇਟ ਦੇ ਜੱਸੀ ਬਜਾੜ, 'ਹਾਈਲੈਂਡ ਆਟੋ' ਦੇ ਗੈਰੀ ਗਰੇਵਾਲ, 'ਬਰੈਂਪਟਨ ਪੇਂਟਿੰਗ' ਦੇ ਜਪਨਾਮ ਬਰਾੜ, 'ਸਬਵੇਅ ਰੈਸਟੋਰੈਂਟ' ਦੇ ਕੁਲਵੰਤ ਧਾਲੀਵਾਲ ਅਤੇ 'ਕੇ.ਐੱਨ.ਕੇ.ਫੋਮ' ਦੇ ਕੁਲਵੰਤ ਬਰਾੜ ਆਦਿ ਦੇ ਨਾਂ ਵਿਸ਼ੇਸ਼ ਤੌਰ 'ਤੇ ਵਰਨਣਯੋਗ ਹਨ। ਇਸ ਦੇ ਨਾਲ਼ ਹੀ ਇਨ੍ਹਾਂ ਦਿਨਾਂ ਵਿਚ ਹੀ ਹਰਮਿੰਦਰ ਸਿੰਘ ਅੜੈਚ ਅਤੇ ਧਰਮ ਸਿੰਘ ਰੰਧਾਵਾ ਵਰਗੇ ਕਈ ਨਵੇਂ ਉਤਸ਼ਾਹੀ ਮੈਂਬਰ ਇਸ ਕਲੱਬ ਵਿਚ ਸ਼ਾਮਲ ਹੋਏ ਹਨ।

ਏਸੇ ਸਿਲਸਿਲੇ ਵਿਚ ਹੀ ਬੀਤੇ ਹਫ਼ਤੇ 'ਸਕਾਈ ਇਮੀਗ੍ਰੇਸ਼ਨ' ਦੇ ਅਮਰਦੀਪ ਸਿੰਘ ਉਰਫ਼ 'ਸੈਮ' ਅਤੇ ਰਵੀ ਗੇਂਜਰ ਵੱਲੋਂ ਟੀ.ਪੀ.ਏ.ਆਰ. ਕਲੱਬ ਦੇ ਕੁਝ ਮੈਂਬਰਾਂ ਨੂੰ ਆਪਣੇ ਦਫ਼ਤਰ ਵਿਚ ਵਿਸ਼ੇਸ਼ ਤੌਰ 'ਤੇ ਬੁਲਾ ਕੇ ਕਲੱਬ ਦੇ ਪ੍ਰਧਾਨ ਹਰਭਜਨ ਸਿੰਘ ਗਿੱਲ ਅਤੇ ਸੀਨੀਅਰ-ਮੋਸਟ ਮੈਂਬਰ ਈਸ਼ਰ ਸਿੰਘ ਚਾਹਲ ਨੂੰ 500 ਡਾਲਰ ਦਾ ਚੈੱਕ ਭੇਂਟ ਕਰਕੇ ਇਸ ਕਲੱਬ ਦੇ ਕੰਮ ਦੀ ਹੋਰ ਹੌਸਲਾ-ਅਫ਼ਜ਼ਾਈ ਕੀਤੀ ਗਈ। ਉਨ੍ਹਾਂ ਦੋਹਾਂ ਵੱਲੋਂ ' ਹਰ ਸਾਲ ਕਲੱਬ ਨੂੰ 500 ਡਾਲਰ ਦੇਣ ਅਤੇ ਜੇਕਰ ਜ਼ਰੂਰਤ ਪਵੇ ਤਾਂ ਇਸ ਤੋਂ ਵਧੇਰੇ ਦੀ ਵੀ ਸਹਾਇਤਾ ਕਰਨ ਦਾ ਵਿਸ਼ਵਾਸ ਦਿਵਾਇਆ ਗਿਆ। ਇਸ ਮੌਕੇ ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ, ਕਲੱਬ ਦੇ ਮੈਂਬਰ ਗੁਰਮੇਜ ਰਾਏ, ਸੁਖਦੇਵ ਸਿੰਘ ਸੰਧਵਾਂ, ਧਰਮ ਸਿੰਘ ਰੰਧਾਵਾ ਅਤੇ ਹਰਮਿੰਦਰ ਸਿੰਘ ਅੜੈਚ ਵੀ ਹਾਜ਼ਰ ਸਨ। ਇਸ ਦੌਰਾਨ ਅਮਰਦੀਪ ਸਿੰਘ ਅਤੇ ਰਵੀ ਗੇਂਜਰ ਵੱਲੋਂ ਚਾਹ-ਪਾਣੀ ਦਾ ਬਹੁਤ ਵਧੀਆ ਪ੍ਰਬੰਧ ਕੀਤਾ ਗਿਆ।

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

Your Travel Safety
Our Priority

JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992

905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

# ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਰਾਮਗੜ੍ਹੀਆ ਭਵਨ ਵਿਖੇ ਮਨਾਇਆ



ਬਰੈਂਪਟਨ (ਜਰਨੈਲ ਸਿੰਘ ਮਠਾੜੂ): ਰਾਮਗੜ੍ਹੀਆ ਸਿੱਖ ਫਾਊਡੇਸ਼ਨ ਆਫ਼ ਉਨਟਾਰੀਓ ਵੱਲੋਂ ਬੀਤੇ ਐਤਵਾਰ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਰਾਮਗੜ੍ਹੀਆ ਭਵਨ ਵਿਖੇ ਬਹੁਤ ਹੀ ਸ਼ਰਧਾ ਅਤੇ ਸਤਿਕ-ਾਰ ਸਹਿਤ ਮਨਾਇਆ ਗਿਆ , ਜਿਸ ਵਿੱਚ ਸਵੇਰ ਤੋਂ ਹੀ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਸੰਗਤੀ ਰੂਪ ਵਿੱਚ ਕੀਤੇ ਗਏ ! ਇਸ ਮੌਕੇ ਵੱਡੀ ਗਿਣਤੀ ਵਿੱਚ ਰਾਮਗੜ੍ਹੀਆ ਪਰਿਵਾਰ ਅਤੇ ਹੋਰ ਪਰਿਵਾਰਾਂ ਨੇ ਸ਼ਮੂਲੀਅਤ ਕੀਤੀ। ਭਾਈ ਗੁਰਪ੍ਰੀਤ ਸਿੰਘ ਗੰਗਾ ਨਗਰ ਵਾਲੇ ਅਤੇ ਭਾਈ ਸੁਖਵਿੰਦਰ ਸਿੰਘ ਮੋਗੇ ਵਾਲਿਆਂ ਨੇ ਕੀਰਤਨ ਅਤੇ ਗੁਰਬਾਣੀ ਵਿਚਾਰਾਂ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਚਾਹ ਪਾਣੀ ਅਤੇ ਪਕੌੜਿਆਂ ਦਾ ਲੰਗਰ ਚੱਲਦਾ ਰਿਹਾ ! ਉਸ ਤੋਂ ਬਾਅਦ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਰਾਮਗੜ੍ਹੀਆ ਬੋਰਡ ਦਿੱਲੀ ਦੇ ਅਹੁਦੇਦਾਰ ਵੀ ਹਾਜ਼ਰ ਸਨ। ਉਨ੍ਹਾਂ ਨੂੰ ਰਾਮਗੜ੍ਹੀਆ ਸਿੱਖ ਫਾਊਡੇਸ਼ਨ ਓਨਟਾਰੀਓ ਵੱਲੋਂ ਮੋਮੈਂਟੋ ਅਤੇ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ । ਜਿਨ੍ਹਾਂ ਵਿੱਚ ਰਾਮਗੜ੍ਹੀਆ ਬੋਰਡ ਦੇ ਵਾਈਸ ਚੇਅਰਮੈਨ ਕੇਵਲ ਸਿੰਘ ਗੱਲਸ਼ੀ , ਅਵਤਾਰ ਸਿੰਘ ਭੁਰਜੀ , ਬਲਵੀਰ ਸਿੰਘ ਵਿਰਦੀ , ਗੁਰਪ੍ਰੀਤ ਸਿੰਘ ਗੱਲਸ਼ੀ :ਅਤੇ ਸੁਰਿੰ-ਦਰ ਸਿੰਘ ਦਿੱਲੀ ਵਾਲੇ ਸ਼ਾਮਲ ਸਨ। ਰਾਮਗੜ੍ਹੀਆ ਪਰਿਵਾਰਾਂ ਵਿੱਚੋਂ ਹਰਦਿਆਲ ਸਿੰਘ ਝੀਤਾ, ਮਹਿੰਦਰ ਸਿੰਘ ਕੁੰਦੀ , ਜਸਵਿੰਦਰ ਸਿੰਘ ਭੱਚੂ , ਹਰਪਾਲ ਸਿੰਘ ਮਠਾੜੂ , ਮਹਿੰਦਰ ਸਿੰਘ , ਬੀਬੀ ਹਰਿੰਦਰ ਕੌਰ ਚੀਮਾ , ਬੀਬੀ ਜਸਦੀਪ ਕੌਰ ਪਨੇਸਰ , ਜਲੌਰ ਸਿੰਘ ਖੁਰਲ, ਬੀਬੀ ਸੱਤਪਾਲ ਕੌਰ ਝੀਤਾ , ਕੁਲਵੰਤ ਕੌਰ ਗੈਦੂ , ਜੋਗਿੰਦਰ ਸਿੰਘ ਅਰੋੜਾ , ਜਤਿੰਦਰ ਸਿੰਘ ਸੈਂਬੀ , ਜਰਨੈਲ ਸਿੰਘ ਮਠਾੜੂ ਹਾਜ਼ਰ ਸਨ । ਇਸ ਵਿਸ਼ੇਸ਼ ਮੌਕੇ ਰਾਮਗੜ੍ਹੀਆ ਸਿੱਖ ਫਾਊਂਡੇਸ਼ਨ ਵੱਲੋਂ ਟੌਰਬ੍ਰਹਮ ਰੋਡ ਤੇ ਰਾਮਗੜ੍ਹੀਆ ਭਵਨ ਦੇ ਮੇਨ ਐਂਟਰੈਂਸ ਤੇ ਠੰਢੇ ਪਾਣੀ ਦੀ ਕੋਲਡ ਡ੍ਰਿੰਕਸ ਅਤੇ ਦੁੱਧ ਸੋਡੇ ਦੀ ਸ਼ਬੀਲ ਲਾਈ ਗਈ , ਜਿਸ ਨੂੰ ਆਉਂਦੇ ਜਾਂਦੇ ਵਿਅਕਤੀਆਂ ਨੇ ਠੰਢੇ ਪਾਣੀ ਦੁੱਧ ਸੋਡਾ ਅਤੇ ਕੋਲਡ ਡਰਿੰਕਸ ਦਾ ਆਨੰਦ ਮਾਣਿਆ ਅਤੇ ਫਾਊਂਡੇਸ਼ਨ ਦੇ ਨਿਵੇਕਲੇ ਉੱਦਮ ਦੀ ਭਰਪੂਰ ਸ਼ਲਾਘਾ ਕੀਤੀ । ਛਬੀਲ ਸਵੇਰੇ ਗਿਆਰਾਂ ਵਜੇ ਤੋਂ ਸ਼ੁਰੂ ਹੋ ਕੇ ਸ਼ਾਮ ਦੇ ਚਾਰ ਵਜੇ ਤੱਕ ਚੱਲਦੀ ਰਹੀ ਜਿਸ ਦੀ ਅਣਥੱਕ ਸੇਵਾ ਫਾਊਂਡੇਸ਼ਨ ਦੇ ਮੈਂਬਰ ਬਲਵਿੰਦਰ ਸਿੰਘ ਮਠਾੜੂ , ਹਰਿਮੰਦਰ ਸਿੰਘ ਗੈਦੂ , ਨਵਦੀਪ ਸਿੰਘ ਬਮਰਾਹ , ਮਨਦੀਪ ਸਿੰਘ ਗੈਦੂ , ਨੇ ਬਾਖੂਬੀ ਨਿਭਾਈ। ਫਾਊਂਡੇਸ਼ਨ ਦੇ ਚੇਅਰਮੈਨ ਦਲਜੀਤ ਸਿੰਘ ਗੈਦੂ ਵੱਲੋਂ ਆਏ ਸਾਰੇ ਮਹਿਮਾਨਾਂ ਦਾ ਭਵਨ ਵਿਖੇ ਪਹੁੰਚਣ ਤੇ ਜੀ ਆਇਆਂ ਕਹਿੰਦੇ ਹੋਏ , ਉਨ੍ਹਾਂ ਨੂੰ ਰਾਮਗੜ੍ਹੀਆ ਫਾਊਂਡੇਸ਼ਨ ਦੀਆਂ ਗਤੀ ਵਿਧੀਆਂ ਬਾਰੇ ਅਤੇ ਆਉਣ ਵਾਲੇ ਪ੍ਰੋਗਰਾਮਾਂ ਬਾਰੇ ਅਤੇ ਉਨ੍ਹਾਂ ਦਾ ਭਵਨ ਵਿਖੇ ਆਉਣ ਤੇ ਬਹੁਤ ਬਹੁਤ ਧੰਨਵਾਦ ਕੀਤਾ ਗਿਆ।

# 16 ਜੂਨ ਨੂੰ ਹੋ ਰਹੇ ਅੰਤਰ-ਰਾਸ਼ਟਰੀ ਸੈਮੀਨਾਰ ਵਿਚ ਜਸਵੰਤ ਜ਼ਫ਼ਰ ਅਤੇ ਡਾ. ਵਾਲੀਆ ਕਰਨਗੇ ਸ਼ਿਰਕਤ

## ਪਾਕਿਸਤਾਨ ਤੋਂ ਪੰਜਾਬੀ ਲੇਖਕ ਮੁਖ਼ਤਾਰ ਅਹਿਮਦ ਚੀਮਾ ਬਾਬਾ ਨਾਨਕ ਬਾਰੇ ਮੁਸਲਿਮ ਭਰਾਵਾਂ ਦੀਆਂ ਭਾਵਨਾਵਾਂ ਸਾਂਝੀਆਂ ਕਰਨਗੇ



ਬਰੈਂਪਟਨ, (ਡਾ. ਝੰਡ) -'ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦੀ ਅਜੋਕੇ ਯੁੱਗ ਵਿਚ ਪ੍ਰਸੰਗਕਤਾ' ਵਿਸ਼ੇ ਉੱਪਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਹਿਯੋਗ ਨਾਲ 'ਪੰਜਾਬੀ ਭਵਨ ਟੋਰਾਂਟੋ' ਵੱਲੋਂ 16 ਜੂਨ ਦਿਨ ਐਤਵਾਰ ਨੂੰ 90 ਬਿਸਕੇਨ ਕਰੈੱਸ (ਬਰੈਂਪਟਨ) ਸਥਿਤ 'ਮੈਰੀਅਟ ਹੋਟਲ' ਵਿਚ ਸਵੇਰੇ 10.30 ਵਜੇ ਤੋਂ ਸ਼ਾਮ 5.00 ਵਜੇ ਤੀਕ ਅੰਤਰ-ਰਾਸ਼ਟਰੀ ਸੈਮੀਨਾਰ ਦਾ ਆਯੋਜਨ ਕੀਤਾ ਜਾ ਰਿਹਾ ਹੈ ਜਿਸ ਵਿਚ ਭਾਰਤ ਤੋਂ ਪ੍ਰਮੁੱਖ ਪੰਜਾਬੀ ਲੇਖਕ ਤੇ ਚਿੰਤਕ ਜਸਵੰਤ ਜ਼ਫ਼ਰ ਅਤੇ ਡਾ. ਦਲਜੀਤ ਸਿੰਘ ਵਾਲੀਆ (ਪੰਜਾਬੀ ਯੂਨੀਵਰਸਿਟੀ ਪਟਿਆਲਾ) ਉਚੇਚੇ ਤੌਰ 'ਤੇ ਭਾਗ ਲੈਣ ਲਈ ਆ ਰਹੇ ਹਨ।

ਸੈਮੀਨਾਰ ਦੇ ਮੁੱਖ-ਆਯੋਜਕ 'ਮਰੋਕ ਲਾਅ ਆਫ਼ਿਸ' ਦੇ ਸੰਚਾਲਕ ਵਿਪਨਦੀਪ ਮਰੋਕ ਨੇ ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਇਸ ਸੈਮੀਨਾਰ ਵਿਚ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਜੋ ਕਿ 550 ਸਾਲ ਬਾਅਦ ਅੱਜ ਵੀ ਓਨੀਆਂ ਹੀ ਸਾਰਥਕ ਅਤੇ ਪ੍ਰਸੰਗਕ ਹਨ, ਬਾਰੇ ਵੱਖ-ਵੱਖ ਵਿਦਵਾਨਾਂ ਵੱਲੋਂ ਉਨ੍ਹਾਂ ਲਈ ਨਿਰਧਾਰਿਤ ਕੀਤੇ ਗਏ ਵਿਸ਼ਿਆਂ ਉੱਪਰ ਪੇਪਰ ਪੇਸ਼ ਕੀਤੇ ਜਾਣਗੇ ਉਪਰੰਤ, ਉਨ੍ਹਾਂ ਉੱਪਰ ਭਰਪੂਰ ਚਰਚਾ ਹੋਵੇਗੀ।

ਇਸ ਸੈਮੀਨਾਰ ਵਿਚ 'ਕੀ-ਨੋਟ ਐਡਰੈੱਸ' ਪੰਜਾਬੀ ਦੇ ਪ੍ਰਮੁੱਖ ਲੇਖਕ ਡਾ. ਵਰਿਆਮ ਸਿੰਘ ਸੰਧੂ ਵੱਲੋਂ ਹੋਵੇਗਾ ਅਤੇ ਉਸ ਤੋਂ ਬਾਅਦ ਡਾ. ਦਲਜੀਤ ਸਿੰਘ ਵਾਲੀਆ, ਡਾ. ਗੁਰਨਾਮ ਕੌਰ, ਡਾ. ਡੀ.ਪੀ. ਸਿੰਘ ਅਤੇ ਡਾ. ਕੰਵਲਜੀਤ ਕੌਰ ਢਿੱਲੋਂ ਆਪਣੇ ਵਿਦ-ਵਤਾ ਭਰਪੂਰ ਪੇਪਰ ਪੇਸ਼ ਕੀਤੇ ਜਾਣਗੇ। ਇਸ ਦੌਰਾਨ ਪੱਛਮੀ ਪੰਜਾਬ (ਪਾਕਿਸਤਾਨ) ਤੋਂ ਮਸ਼ਹੂਰ ਪੰਜਾਬੀ ਲੇਖਕ ਮੁਖ਼ਤਾਰ ਅਹਿਮਦ ਚੀਮਾ ਇਸ ਸੈਮੀਨਾਰ ਵਿਚ ਮੁਸਲਿਮ ਭਰਾਵਾਂ ਦੀਆਂ ਬਾਬਾ ਨਾਨਕ ਬਾਰੇ ਭਾਵਨਾਵਾਂ ਸਾਂਝੀਆਂ ਕਰਨਗੇ। ਇਸ ਮੌਕੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਬੀਤੇ ਮਹੀਨੇ ਪ੍ਰਕਾਸ਼ਿਤ ਕੀਤੀ ਗਈ ਪੁਸਤਕ "ਗੁਰੂ ਨਾਨਕ ਦੇਵ (1469-1539 ਈ.)" ਜਿਸ ਦੇ ਸੰਪਾਦਕ ਡਾ. ਦਲਜੀਤ ਸਿੰਘ ਵਾਲੀਆ, ਇੰਚਾਰਜ ਸ੍ਰੀ ਗੁਰੂ ਤੇਗ਼ ਬਹਾਦਰ ਰਾਸ਼ਟਰੀ-ਏਕਤਾ ਚੇਅਰ ਹਨ, ਵੀ ਲੋਕ-ਅਰਪਿਤ ਕੀਤੀ ਜਾਏਗੀ।

ਬਾਅਦ ਦੁਪਹਿਰ ਢਾਈ ਵਜੇ ਲੰਚ-ਬਰੇਕ ਤੋਂ ਬਾਅਦ ਚਾਰ ਵਜੇ ਸ਼ੁਰੂ ਹੋਣ ਵਾਲੇ ਕਵੀ-ਦਰਬਾਰ ਜਿਸ ਦਾ ਮੁੱਖ-ਆਕਰਸ਼ਣ ਭਾਰਤ ਤੋਂ ਆਏ ਉੱਘੇ ਕਵੀ ਜਸਵੰਤ ਜ਼ਫ਼ਰ ਹੋਣਗੇ, ਵਿਚ ਕਵੀਆਂ/ਕਵਿੱਤਰੀਆਂ ਵੱਲੋਂ ਗੁਰੂ ਨਾਨਕ ਦੇਵ ਜੀ ਦੇ ਜੀਵਨ, ਰਚਨਾ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਬਾਰੇ ਆਪਣੀਆਂ ਕਵਿਤਾਵਾਂ ਪੇਸ਼ ਕੀਤੀਆਂ ਜਾਣਗੀਆਂ। ਪੰਜਾਬੀ ਬੋਲੀ, ਗੁਰਬਾਣੀ, ਸਾਹਿਤ ਤੇ ਸੱਭਿਆਚਾਰ ਨੂੰ ਪਿਆਰ ਕਰਨ ਵਾਲਿਆਂ ਨੂੰ ਸੈਮੀਨਾਰ ਵਿਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਜਾਂਦਾ ਹੈ। ਸੈਮੀਨਾਰ ਹਾਲ ਵਿਚ ਸੀਟਾਂ ਦੀ ਗਿਣਤੀ ਸੀਮਤ ਹੋਣ ਕਾਰਨ ਇਸ ਸੈਮੀਨਾਰ ਵਿਚ ਸ਼ਾਮਲ ਹੋਣ ਵਾਲਿਆਂ ਦੀ ਗਿਣਤੀ ਨੂੰ ਸੀਮਤ ਰੱਖਣ ਲਈ ਪ੍ਰਬੰਧਕਾਂ ਵੱਲੋਂ ਕੇਵਲ 15 ਡਾਲਰ ਦੀ ਐਂਟਰੀ-ਟਿਕਟ ਰੱਖੀ ਗਈ ਹੈ ਜਿਸ ਵਿਚ ਚਾਹ, ਸਨੈਕਸ, ਲੰਚ ਅਤੇ ਸ਼ਾਮ ਦੀ ਚਾਹ ਸ਼ਾਮਲ ਹੈ। ਇਹ ਟਿਕਟਾਂ ਏਅਰਪੋਰਟ ਰੋਡ ਤੇ ਮੈਰੀਟਾਈਮ ਰੋਡ ਇੰਟਰਸੈੱਕਸ਼ਨ ਨੇੜਲੇ ਪਲਾਜ਼ੇ ਵਿਚ 80 ਮੈਰੀਟਾਈਮ ਬੁਲੇਵਾਰਡ ਸਥਿਤ 'ਮਰੋਕ ਲਾਅ ਆਫ਼ਿਸ ਵਿਚ ਉਪਲੱਭਧ ਹਨ ਜਿੱਥੇ 905-790-8100 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਇਸ ਸੈਮੀਨਾਰ ਸਬੰਧੀ ਵਧੇਰੇ ਜਾਣਕਾਰੀ ਅਤੇ ਐਂਟਰੀ ਟਿਕਟਾਂ ਲਈ ਵਿਪਨਦੀਪ ਮਰੋਕ (416-648-5125), ਡਾ. ਸੁਖਦੇਵ ਸਿੰਘ ਝੰਡ (647-567-9128), ਪ੍ਰੋ. ਜਗੀਰ ਸਿੰਘ ਕਾਹਲੋਂ (647-533-8297) ਅਤੇ ਸੁਰਜੀਤ ਕੌਰ (416-605-3784) ਨੂੰ ਕਾਲ ਕੀਤਾ ਜਾ ਸਕਦਾ ਹੈ।

# ਮੈਰਾਥਨ ਦੌੜਾਕ ਸੰਜੂ ਗੁਪਤਾ ਨੇ ਗੁਅੱਲਫ਼ ਵਿਚ 10 ਕਿਲੋਮੀਟਰ ਦੌੜ ਵਿਚ ਲਿਆ ਹਿੱਸਾ

## ਸਾਲ 2019 ਦੇ ਸਾਢੇ ਪੰਜ ਮਹੀਨਿਆਂ ਵਿਚ ਇਹ ਉਸ ਦੀ 24'ਵੀਂ ਦੌੜ ਹੈ



ਬਰੈਂਪਟਨ, (ਡਾ. ਝੰਡ) -ਮੈਰਾਥਨ ਦੌੜਾਕ ਸੰਜੂ ਗੁਪਤਾ ਹਰ ਹਫ਼ਤੇ ਕਿਸੇ ਨਾ ਕਿਸੇ ਲੰਮੀ ਦੌੜ ਵਿਚ ਭਾਗ ਲੈਂਦਾ ਹੈ ਅਤੇ ਕਈ ਵਾਰ ਇਨ੍ਹਾਂ ਦੀ ਗਿਣਤੀ ਦੋ ਜਾਂ ਤਿੰਨ ਵੀ ਹੋ ਜਾਂਦੀ ਹੈ ਹਨ, ਜਿਵੇਂ ਕਿ ਪਿਛਲੇ ਹਫ਼ਤੇ ਉਹ 1 ਤੇ 2 ਜੂਨ ਨੂੰ ਹੈਮਿਲਟਨ ਵਿਚ ਦੋ ਦੌੜਾਂ 10 ਕਿਲੋਮੀਟਰ ਤੇ ਹਾਫ਼ ਮੈਰਾਥਨ ਦੌੜਿਆ ਅਤੇ ਉਸ ਤੋਂ ਪਿਛਲੇ ਹਫ਼ਤੇ ਔਟਵਾ ਵਿਚ 25 ਮਈ ਸ਼ਨੀਵਾਰ ਨੂੰ ਉਸ ਨੇ 5 ਕਿਲੋਮੀਟਰ ਤੇ 10 ਕਿਲੋਮੀਟਰ ਦੀਆਂ ਦੋ ਦੌੜਾਂ ਲਗਾਈਆਂ ਅਤੇ ਉਸ ਤੋਂ ਅਗਲੇ ਦਿਨ ਐਤਵਾਰ 26 ਮਈ ਨੂੰ ਹਾਫ਼-ਮੈਰਾਥਨ ਵਿਚ ਹਿੱਸਾ ਲਿਆ। ਉਸ ਤੋਂ ਪਿਛਲੇ ਹਫ਼ਤੇ ਦੀ ਗੱਲ ਕਰੀਏ ਤਾਂ ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ ਵੱਲੋਂ 19 ਮਈ ਕਰਵਾਈ ਗਈ 'ਇੰਸਪੀਰੇਸ਼ਨਲ ਸਟੈੱਪਸ' ਵਿਚ ਉਹ ਫੁੱਲ-ਮੈਰਾਥਨ ਲਈ ਸਕਾਰਬਰੋ ਤੋਂ ਡਿਕਸੀ ਗੁਰੂਘਰ ਤੱਕ 42 ਕਿਲੋਮੀਟਰ ਦੌੜਿਆ ਸੀ।

ਜ਼ਿਕਰਯੋਗ ਹੈ ਕਿ ਬੀਤੇ ਐਤਵਾਰ 9 ਜੂਨ ਨੂੰ ਸੰਜੂ ਗੁਪਤਾ ਨੇ ਗੁਅੱਲਫ਼ ਲੇਕ 10 ਕਿਲੋਮੀਟਰ ਰੱਨ ਵਿਚ ਹਿੱਸਾ ਲਿਆ ਅਤੇ ਉਸ ਨੇ ਇਹ ਇਕ ਘੰਟਾ 6 ਮਿੰਟ ਤੇ 40 ਸਕਿੰਟ ਵਿਚ ਸਮਾਪਤ ਕੀਤੀ। ਇਸ ਦੌੜ ਵਿਚ 118 ਵਿਅੱਕਤੀਆਂ ਨੇ ਹਿੱਸਾ ਲਿਆ ਅਤੇ 51 ਸਾਲਾ ਸੰਜੂ ਗੁਪਤਾ ਦੀ ਆਪਣੀ 50-59 ਸਾਲ ਦੀ ਕੈਟਾਗਰੀ ਵਿਚ ਛੇਵੀਂ ਪੋਜ਼ੀਸ਼ਨ ਸੀ। ਇਸ ਤਰ੍ਹਾਂ ਜਨਵਰੀ 2019 ਤੋਂ ਹੁਣ ਤੀਕ 9 ਜੂਨ ਵਾਲੀ ਗੁਅੱਲਫ਼ ਲੇਕ ਰੱਨ ਉਸ ਦੀ ਇਹ 24'ਵੀਂ ਦੌੜ ਬਣਦੀ ਹੈ।

# ਰੌਬਟ ਪੋਸਟ ਸੀਨੀਅਰਜ਼ ਕਲੱਬ ਦੇ ਮੈਂਬਰਾਂ ਨੇ ਮਨਾਇਆ ਖ਼ਾਲਸੇ ਦਾ ਜਨਮ-ਦਿਹਾੜਾ

ਬਰੈਂਪਟਨ, (ਡਾ. ਝੰਡ) -ਬੀਤੇ ਐਤਵਾਰ 9 ਜੂਨ ਨੂੰ ਰੌਬਟ ਪੋਸਟ ਸੀਨੀਅਰਜ਼ ਕਲੱਬ ਦੇ ਮੈਂਬਰਾਂ ਵੱਲੋਂ ਮਿਲ ਕੇ ਖ਼ਾਲਸੇ ਦੇ ਜਨਮ-ਦਿਨ (ਵਿਸਾਖੀ) ਸਬੰਧੀ ਸਮਾਗ਼ਮ ਦਾ ਆਯੋਜਨ ਕੀਤਾ ਗਿਆ। ਪ੍ਰੋਗਰਾਮ ਦੇ ਆਰੰਭ ਵਿਚ ਜੇਮਜ਼ ਪੌਟਰ ਸੀਨੀਅਰਜ਼ ਕਲੱਬ ਦੇ ਪ੍ਰਧਾਨ ਪ੍ਰੀਤਮ ਸਿੰਘ ਸਰਾਂ ਨੇ ਹਾਜ਼ਰੀਨ ਨੂੰ ਵਿਸਾਖੀ ਦੀ ਮਹੱਤਤਾ ਬਾਰੇ ਜਾਣੂੰ ਕਰਾਇਆ ਅਤੇ ਇਸ ਲੋਕਾਂ ਨੂੰ ਕਲੱਬ ਵੱਲੋਂ ਸੀਨੀਅਰਜ਼ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਬਾਰੇ ਜਾਣਕਾਰੀ ਦਿੱਤੀ। ਇਸ ਸਮਾਗ਼ਮ ਵਿਚ ਬਰੈਂਪਟਨ ਸਾਊਥ ਦੇ ਐੱਮ.ਪੀ.ਪੀ. ਅਮਰਜੋਤ ਸਿੰਘ ਸੰਧੂ ਨੇ ਆਪਣੀ ਹਾਜ਼ਰੀ ਲੁਆਈ ਅਤੇ ਲੋਕਾਂ ਨੂੰ ਓਨਟਾਰੀਓ ਸਰਕਾਰ ਦੇ ਵੱਖ-ਵੱਖ ਪ੍ਰੋਗਰਾਮਾਂ ਅਤੇ ਸੀਨੀਅਰਜ਼ ਲਈ ਡੈਂਟਲ ਹੈੱਲਥ ਕੇਅਰ ਫ਼ਰੀ ਕਰਨ ਸਬੰਧੀ ਜਾਣਕਾਰੀ ਦਿੱਤੀ।

ਸੀਨੀਅਰਜ਼ ਦੇ ਮਨੋਰੰਜਨ ਲਈ ਕਲੱਬ ਦੇ ਪ੍ਰਧਾਨ ਬਲਵਿੰਦਰ ਸਿੰਘ ਵੱਲੋਂ ਸ਼ਾਨਦਾਰ ਪ੍ਰਬੰਧ ਕੀਤਾ ਗਿਆ ਜਿਸ ਵਿਚ ਮਸ਼ਹੂਰ ਗਾਇਕਾ ਰੁਪਿੰਦਰ ਰਿੰਪੀ ਨੇ ਧਾਰਮਿਕ ਅਤੇ ਸੱਭਿਆਚਾਰਕ ਗੀਤ ਗਾ ਕੇ ਸਾਰਿਆਂ ਦਾ ਖ਼ੂਬ ਮਨੋਰੰਜਨ ਕੀਤਾ। ਉਸ ਨੇ ਬੋਲੀਆਂ ਪਾ ਕੇ ਕਲੱਬ ਦੀਆਂ ਔਰਤ ਮੈਂਬਰਾਂ ਨੂੰ ਆਪਣੇ ਨਾਲ ਨੱਚਣਲਈ ਮਜਬੂਰ ਕਰ ਦਿੱਤਾ। ਪ੍ਰੋਗਰਾਮ ਦੇ ਅਖ਼ੀਰ ਵਿਚ ਕਲੱਬ ਦੇ ਸਮੂਹ-ਮੈਂਬਰਾਂ ਨੇ ਪਕੌੜਿਆਂ, ਸਮੋਸਿਆਂ, ਮਠਿਆਈਆਂ ਅਤੇ ਚਾਹ ਦਾ ਅਨੰਦ ਲਿਆ।

KARTAR FURNITURE

ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ




ਕਰਤਾਰ ਫਰਨੀਚਰ

- ਅਸੀਂ ਸੋਫ਼ਾ ਸੈੱਟ ਖ਼ੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜ਼ਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657 69 Westmore Dr. #20 Etobicoke ON, M9V 3Y6

# ਸੰਪਾਦਕੀ

## ਬਾਲ ਵਿਆਹ: ਕੈਨੇਡਾ ਦੀਆਂ ਮੱਤਾਂ ਅਤੇ ਅਮਲਾਂ ਵਿੱਚ ਫ਼ਰਕ

ਮਾਂਟਰੀਅਲ ਵਿੱਚ ਸਥਿਤ ਮੈਕਗਿੱਲ ਯੂਨੀਵਰਸਿਟੀ ਦੇ ਬਾਇਓ-ਸਟੈਟੇਸਟਿਕਸ (Bio-statistics) ਅਤੇ ਅੱਕੁਪੇਸ਼ਨਲ ਹੈਲਥ ਵਿਭਾਗ ਵਿੱਚ ਅਸਿਸਟੈਂਟ ਪ੍ਰੋਫੈਸਰ ਅਲੀਸਾ ਕੋਸਕੀ (Alissa Koski) ਵੱਲੋਂ ਕੀਤੀ ਗਈ ਇੱਕ ਖੋਜ ਮੁਤਾਬਕ ਕੈਨੇਡਾ ਵਿੱਚ ਪਿਛਲੇ 18 ਸਾਲਾਂ ਦੌਰਾਨ 3382 ਨਾਬਾਲਗਾਂ ਦੇ ਵਿਆਹ ਰਜਿਸਟਰ ਕੀਤੇ ਗਏ। ਇਹਨਾਂ ਵਿੱਚੋਂ ਸੱਭ ਤੋਂ ਵੱਧ 1353 ਉਟੇਂਰੀਓ ਵਿੱਚ, 791 ਅਲਬਰਟਾ, 590 ਕਿਉਬਿੱਕ ਅਤੇ 429 ਬ੍ਰਿਟਿਸ਼ ਕੋਲੰਬੀਆ ਵਿੱਚ ਨਾਬਾਲਗਾਂ ਦੀਆਂ ਸ਼ਾਦੀਆਂ ਹੋਈਆਂ। ਇਹਨਾਂ ਨਾਬਾਲਗਾਂ ਵਿੱਚ ਜ਼ਿਆਦਾ ਗਿਣਤੀ ਲੜਕੀਆਂ ਦੀ ਹੈ ਜੋ ਆਪਣੇ ਤੋਂ ਵੱਡੀ ਉਮਰ ਦੇ ਮਰਦਾਂ ਨਾਲ ਵਿਆਹੀਆਂ ਜਾਂਦੀਆਂ ਹਨ।

ਬੇਸ਼ੱਕ ਇਹ ਵਰਤਾਰਾ ਲੰਬੇ ਸਮੇਂ ਤੋਂ ਚੱਲਦਾ ਆ ਰਿਹਾ ਹੈ ਪਰ ਵਿਸ਼ਵ ਭਰ ਵਿੱਚ ਔਰਤਾਂ ਦੇ ਹੱਕਾਂ, ਬਾਲ ਵਿਆਹਾਂ ਅਤੇ ਔਰਤਾਂ ਵਿਰੁੱਧ ਹਿੰਸਾ ਨੂੰ ਘਟਾਉਣ ਲਈ ਫੰਡ ਦੇਣ ਉੱਤੇ ਲਗਾਤਾਰ ਜੋਰ ਲਾਉਣ ਵਾਲੇ ਸਾਡੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਉਹਨਾਂ ਦੀ ਸਰਕਾਰ ਵੱਲੋਂ ਕੋਈ ਧਿਆਨ ਦਿੱਤਾ ਵਿਖਾਈ ਨਹੀਂ ਦੇਂਦਾ। ਕੀ ਅਜਿਹਾ ਹੋਣਾ ਇੱਕ ਹੈਰਾਨੀ ਭਰੀ ਗੱਲ ਨਹੀਂ ਹੈ? ਪ੍ਰੋਫੈਸਰ ਅਲੀਸਾ ਕੋਸਕੀ ਦੀ ਇੱਕ ਹੋਰ ਖੋਜ ਮੁਤਾਬਕ ਕੈਨੇਡਾ ਵਿੱਚ ਮੀਡੀਆ ਵੱਲੋਂ ਵੀ ਕੈਨੇਡਾ ਵਿੱਚ ਹੁੰਦੇ ਬਾਲ ਵਿਆਹਾਂ ਦੇ ਵਰਤਾਰੇ ਨੂੰ ਅੱਖੋਂ ਪਰੋਖੇ ਕਰਕੇ ਤਵਾ ਹੋਰ ਮੁਲਕਾਂ ਉੱਤੇ ਹੀ ਲਾਇਆ ਜਾਂਦਾ ਹੈ। ਕੈਨੇਡਾ ਵੱਲੋਂ ਅਪਣਾਈ ਜਾ ਰਹੀ ਇਹ ਇੱਕ ਪਾਸੜ ਪਹੁੰਚ ਇਸ ਕਾਰਣ ਹੋਰ ਵੀ ਹੈਰਾਨੀਜਨਕ ਹੈ ਕਿਉਂਕਿ ਯੂਨਾਈਟਡ ਨੇਸ਼ਨਜ਼ ਅਤੇ ਕੈਨੇਡਾ ਦੋਵਾਂ ਵੱਲੋਂ 18 ਸਾਲ ਤੋਂ ਘੱਟ ਉਮਰ ਵਿੱਚ ਸ਼ਾਦੀ ਕਰਨ ਨੂੰ ਬਾਲ ਵਿਆਹ ਕਰਾਰ ਦਿੱਤਾ ਜਾਂਦਾ ਹੈ ਜਿਸਨੂੰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਮੰਨਿਆ ਜਾਂਦਾ ਹੈ।

ਬੰਗਲਾਦੇਸ਼ ਵਰਗੇ ਪੱਛੜੇ ਮੁਲਕ ਵਿੱਚ ਮਰਦ ਲਈ ਸ਼ਾਦੀ ਕਰਨ ਦੀ ਘੱਟੋ ਘੱਟ ਉਮਰ 21 ਸਾਲ ਅਤੇ ਔਰਤਾਂ ਲਈ 18 ਸਾਲ ਹੈ। ਇਸੇ ਤਰਾਂ ਚੀਨ ਵਿੱਚ ਔਰਤਾਂ ਅਤੇ ਮਰਦਾਂ ਦੀ ਸ਼ਾਦੀ ਕਰਨ ਦੀ ਕਾਨੂੰਨੀ ਉਮਰ ਕਰਮਵਾਰ 22 ਅਤੇ 20 ਸਾਲ, ਭਾਰਤ ਵਿੱਚ 21 ਅਤੇ 18 ਸਾਲ, ਨੇਪਾਲ ਵਿੱਚ 20 ਅਤੇ 18 ਸਾਲ ਹੈ। ਇਸਦੇ ਉਲਟ ਕੈਨੇਡਾ ਵਿੱਚ ਵਿਆਹ ਕਰਨ ਦੀ ਘੱਟੋ ਘੱਟ ਕਾਨੂੰਨੀ ਉਮਰ ਲੜਕੇ ਅਤੇ ਲੜਕੀਆਂ ਦੋਵਾਂ ਲਈ 16 ਸਾਲ ਹੈ। ਇਸ ਤੱਥ ਦੇ ਬਾਵਜੂਦ ਹੈ ਕਿ 2017 ਵਿੱਚ ਕੈਨੇਡਾ ਨੇ ਯੂਨਾਈਟਡ ਨੇਸ਼ਨ ਦੇ ਉਸ ਮਤੇ ਨੂੰ ਕੋ-ਸਪਾਂਸਰ (co-sponsor) ਕੀਤਾ ਸੀ ਜੋ ਬਾਲ ਵਿਆਹ ਨੂੰ ਖਤਮ ਕਰਨ ਦਾ ਅਹਿਦ ਕਰਦਾ ਹੈ। ਯੂਨਾਈਟਡ ਨੇਸ਼ਨ ਦੀ 1991 ਵਿੱਚ ਪਾਸ ਕੀਤੀ ਬਾਲ ਅਧਿਕਾਰਾਂ ਬਾਰੇ ਕਨਵੈਨਸ਼ਨ (UN Convention on the Rights of Children) ਉੱਤੇ ਵੀ ਕੈਨੇਡਾ ਹਸਤਾਖਰੀ ਹੈ ਜੋ ਵਿਆਹ ਦੀ ਉਮਰ ਨੂੰ 18 ਸਾਲ ਨਿਰਧਾਰਤ ਕਰਦੀ ਹੈ। ਮਾਰਚ 2017 ਵਿੱਚ ਕੈਨੇਡਾ ਨੇ 650 ਮਿਲੀਅਨ ਡਾਲਰ ਔਰਤਾਂ ਦੀ ਸੈਕਸੁਅਲ ਸਿਹਤ ਦੀ ਸਲਾਮਤੀ ਲਈ ਫੰਡ ਕੀਤੇ ਜੋ ਵਿਸ਼ਵ ਦੇ ਵੱਖ 2 ਮੁਲਕਾਂ ਵਿੱਚ ਵੰਡੇ ਜਾਣੇ ਸਨ। ਸੋਚਿਆ ਜਾਵੇ ਕੀ 16 ਸਾਲ ਦੀ ਉਮਰ ਵਿੱਚ ਸ਼ਾਦੀ ਕਰਨ ਵਾਲੀਆਂ ਕੈਨੇਡੀਅਨ ਲੜਕੀਆਂ ਦੀ ਸੈਕਸੁਅਲ ਸਿਹਤ ਕਿੰਨੀ ਕੁ ਤੰਦਰੁਸਤ ਰਹਿ ਸਕਦੀ ਹੋਵੇਗੀ ਅਤੇ ਉਹਨਾਂ ਦੀ ਸਲਾਮਤੀ ਲਈ ਸਰਕਾਰ ਵੱਲੋਂ ਕੀ ਕੀਤਾ ਜਾ ਰਿਹਾ ਹੈ?

ਕੈਨੇਡਾ ਵਿੱਚ ਸਮਰਾ ਜ਼ਫਰ ਨਾਮਕ ਔਰਤ ਅੱਜ ਕੱਲ ਕੈਨੇਡਾ ਦੇ ਵੱਖ ਵੱਖ ਹਿੱਸਿਆਂ ਵਿੱਚ ਜਾ ਕੇ ਬਾਲ ਵਿਆਹ ਅਤੇ ਧੱਕੇ ਨਾਲ ਕੀਤੇ ਜਾਂਦੇ ਵਿਆਹਾਂ ਬਾਰੇ ਲੈਕਚਰ ਕਰਦੀ ਹੈ। ਸਮਰਾ ਜ਼ਫਰ ਦਾ ਪਹਿਲਾ ਵਿਆਹ 11ਵੀਂ ਜਮਾਤ ਵਿੱਚ ਪੜਨ ਵੇਲੇ 16 ਸਾਲ ਦੀ ਉਮਰ ਵਿੱਚ ਮਾਪਿਆਂ ਵੱਲੋਂ ਉਸਦੀ ਮਰਜ਼ੀ ਦੇ ਖਿਲਾਫ਼ 28 ਸਾਲਾਂ ਦੇ ਮਰਦ ਨਾਲ ਕਰ ਦਿੱਤਾ ਸੀ। ਉਸ ਵਿਆਹ ਤੋਂ ਨਿਜਾਤ ਪਾ ਕੇ ਸਮਰਾ ਖੁਦ ਨੂੰ ਅਜ਼ਾਦ ਮਹਿਸੂਸ ਕਰਦੀ ਹੈ। ਚੇਤੇ ਰੱਖਣ ਵਾਲੀ ਗੱਲ ਹੈ ਕਿ ਕੈਨੇਡਾ ਵਿੱਚ ਬਾਲ ਵਿਆਹ ਦੀ ਬੁਰਾਈ ਕਿਸੇ ਇੱਕ ਵਰਗ ਵਿੱਚ ਨਹੀਂ ਸਗੋਂ ਹਰ ਖਿੱਤੇ ਅਤੇ ਹਰ ਵਰਗ ਵਿੱਚ ਪਾਈ ਜਾਂਦੀ ਹੈ। 2013 ਵਿੱਚ ਸਾਊਥ ਏਸ਼ੀਅਨ ਲੀਗਲ ਕਲਿਨਿਕ ਵੱਲੋਂ ਰਿਪੋਰਟ ਰੀਲੀਜ਼ ਕੀਤੀ ਗਈ ਸੀ ਜਿਸ ਵਿੱਚ 219 ਬਾਲ ਵਿਆਹਾਂ ਦਾ ਜ਼ਿਕਰ ਕੀਤਾ ਗਿਆ ਸੀ। ਇਹਨਾਂ ਵਿੱਚੋਂ 57% ਉਹ ਵਿਆਹ ਸਨ ਜਿਹੜੇ ਮਾਪਿਆਂ ਵੱਲੋਂ ਬੱਚਿਆਂ ਨੂੰ ਝੂਠੇ ਬਹਾਨੇ ਨਾਲ ਕੈਨੇਡਾ ਤੋਂ ਬਾਹਰ ਵਿਦੇਸ਼ (ਜਾਂ ਆਪਣੇ ਪਿਛਲੇ ਮੁਲਕ ਆਖ ਲਵੋ) ਵਿੱਚ ਲਿਜਾ ਕੇ ਧੱਕੇ ਨਾਲ ਕੀਤੇ ਗਏ ਸੀ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਚਾਰ ਸਾਲ ਪਹਿਲਾਂ ਆਪਣੀ ਵਜ਼ਾਰਤ ਵਿੱਚ 50% ਔਰਤਾਂ ਇਹ ਆਖ ਕੇ ਭਰਤੀ ਕੀਤੀਆਂ ਸਨ 'ਕਿਉਂਕਿ ਇਹ 2015' ਹੈ (because it is 2015)। ਕੀ ਇਹ ਸਹੀ ਸਮਾਂ ਨਹੀਂ ਕਿ ਇਸ ਬਾਲ ਵਿਆਹਾਂ ਬਾਰੇ ਦੋ ਮੂੰਹੀ ਪਹੁੰਚ ਨੂੰ ਖਤਮ ਕਰਨ ਲਈ ਕੰਮ ਕੀਤਾ ਜਾਵੇ ਕਿਉਂਕਿ ਇਹ 2019 ਹੈ?

## ਕੰਜ਼ਰਵੇਟਿਵ ਪ੍ਰੀਮੀਅਰਜ਼ ਵੱਲੋਂ ਬਿੱਲ ਸੀ-69 ਸਬੰਧੀ ਬਣਾਏ ਜਾ ਰਹੇ ਦਬਾਅ ਨੂੰ ਟਰੂਡੋ ਨੇ ਦੱਸਿਆ ਗਲਤ

...ਪੰਨਾ 3 ਦਾ ਬਾਕੀ

ਇਸ ਚਿੱਠੀ ਦਾ ਮੁੱਦਾ ਜਦੋਂ ਪ੍ਰਸ਼ਨ ਕਾਲ ਦੌਰਾਨ ਡਿਪਟੀ ਕੰਜ਼ਰਵੇਟਿਵ ਮੰਤਰੀ ਲੀਜ਼ਾ ਰਾਇਤ ਵੱਲੋਂ ਉਠਾਇਆ ਗਿਆ ਤਾਂ ਟਰੂਡੋ ਉਨ੍ਹਾਂ ਉੱਤੇ ਵਰ੍ਹ ਪਏ। ਟਰੂਡੋ ਨੇ ਆਖਿਆ ਕਿ ਇਸ ਬਿੱਲ ਨੂੰ ਬਿਹਤਰ ਬਣਾਉਣ ਅਤੇ ਦੇਸ਼ ਦੇ ਹਿੱਤ ਨੂੰ ਧਿਆਨ ਵਿੱਚ ਰੱਖ ਕੇ ਸੈਨੇਟ ਵੱਲੋਂ ਕੀਤੀਆਂ ਗਈਆਂ ਸੋਧਾਂ ਨੂੰ ਸਵੀਕਾਰ ਕਰਦਿਆਂ ਹੋਇਆਂ ਉਨ੍ਹਾਂ ਨੂੰ ਖੁਸ਼ੀ ਹੋਵੇਗੀ। ਪਰ ਟਰੂਡੋ ਨੇ ਅੱਗੇ ਆਖਿਆ ਕਿ ਅਸੀਂ ਜਿਹੜੀ ਗੱਲ ਸਵੀਕਾਰ ਨਹੀਂ ਕਰਾਂਗੇ ਉਹ ਇਹ ਹੈ ਕਿ ਪ੍ਰੀਮੀਅਰਜ਼ ਇਨ੍ਹਾਂ ਸੋਧਾਂ ਨੂੰ ਲਾਗੂ ਨਾ ਕੀਤੇ ਜਾਣ ਨੂੰ ਦੇਸ਼ ਦੀ ਏਕਤਾ ਲਈ ਖਤਰਾ ਦੱਸ ਰਹੇ ਹਨ ਜੋ ਸੱਚ ਨਹੀਂ ਹੈ। ਦੇਸ਼ ਨੂੰ ਇੱਕਜੁੱਟ ਰੱਖਣ ਦਾ ਇਹ ਰਾਹ ਨਹੀਂ ਹੈ।

ਟਰੂਡੋ ਨੇ ਉਦਾਹਰਣ ਦਿੰਦਿਆਂ ਆਖਿਆ ਕਿ ਸੈਨੇਟ ਵੱਲੋਂ ਕੀਤੀ ਗਈ ਸੋਧ ਵਿੱਚ ਮੂਲਵਾਸੀਆਂ ਦੀ ਰਾਇ ਨੂੰ ਇੱਛਕ ਦੱਸਿਆ ਗਿਆ ਹੈ ਤੇ ਇਸ ਸੋਧ ਨੂੰ ਸਵੀਕਾਰ ਨਹੀਂ ਕੀਤਾ ਜਾ ਸਕਦਾ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਐਨਵਾਇਰਮੈਂਟ ਗਰੁੱਪਜ਼ ਵੱਲੋਂ ਟਰੂਡੋ ਉੱਤੇ ਸੈਨੇਟ ਵੱਲੋਂ ਇਸ ਬਿੱਲ ਵਿੱਚ ਕੀਤੀਆਂ ਗਈਆਂ ਸਾਰੀਆਂ ਸੋਧਾਂ ਨੂੰ ਰੱਦ ਕਰਨ ਲਈ ਅੰਤਾ ਦਾ ਦਬਾਅ ਪਾਇਆ ਜਾ ਰਿਹਾ ਹੈ।

## ਸਿੱਖ ਰੈਫਰੈਂਸ ਲਾਇਬ੍ਰੇਰੀ ਮਾਮਲਾ: ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸੁਖਬੀਰ ਸਿੰਘ ਬਾਦਲ ਤੋਂ ਗੁੰਮ ਹੋਏ ਸਾਮਾਨ ਦੀ ਸੂਚੀ ਮੰਗੀ

### * ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਸੂਚੀ ਮੰਗੇ ਜਾਣ ਨਾਲ ਕਸੂਤੇ ਫਸੇ

ਅੰਮ੍ਰਿਤਸਰ, 11 ਜੂਨ, (ਪੋਸਟ ਬਿਊਰੋ)- ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਿਛਲੇ ਦਿਨੀਂ ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਮਿਲ ਕੇ ਅਪਰੇਸ਼ਨ ਬਲਿਊ ਸਟਾਰ ਦੇ ਵਕਤ ਫੌਜ ਵੱਲੋਂ ਸਿੱਖ ਰੈਫਰੈਂਸ ਲਾਇਬੇਰੀ ਵਿੱਚੋਂਚੁੱਕੇ ਗਏ ਧਾਰਮਿਕ ਗ੍ਰੰਥ, ਖਰੜੇ ਤੇ ਹੋਰ ਸਿੱਖ ਲਿਟਰੇਚਰ ਵਾਪਸ ਕਰਨ ਦੀ ਮੰਗ ਕੀਤੀ ਸੀ। ਅੱਜ ਗ੍ਰਹਿ ਮੰਤਰੀ ਨੇ ਹੀ ਸੁਖਬੀਰ ਸਿੰਘ ਬਾਦਲ ਤੋਂ ਅਪਰੇਸ਼ਨ ਬਲਿਊ ਸਟਾਰ ਵੇਲੇ ਫੌਜ ਵੱਲੋਂ ਕਬਜ਼ੇ ਵਿੱਚ ਲਏ ਸਿੱਖ ਰੈਫਰੈਂਸ ਲਾਇਬਰੇਰੀ ਦੇ ਉਸਸਾਰੇ ਸਾਮਾਨ ਤੇ ਦਸਤਾਵੇਜ਼ਾਂਦੀ ਰਿਕਾਰਡ ਮੁਤਾਬਕ ਸੂਚੀ ਮੰਗ ਲਈ ਹੈ। ਇਸ ਮੰਗ ਨਾਲ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲਾ ਅਕਾਲੀ ਦਲ ਕਸੂਤਾ ਫਸ ਗਿਆ ਹੈ, ਕਿਉਂਕਿ ਉਹ ਸਿਰਫ ਮੰਗ ਕਰਦੇ ਹਨ, ਅਸਲ ਵਿੱਚ ਏਦਾਂ ਦੀ ਕੋਈ ਸੂਚੀ ਅਕਾਲੀ ਦਲ ਜਾਂ ਸ਼੍ਰੋਮਣੀ ਕਮੇਟੀ ਕੋਲ ਲੱਭਦੀ ਹੀ ਨਹੀਂ ਹੈ।

ਵਰਨਣ ਯੋਗ ਹੈ ਕਿ ਪਿਛਲੇ ਹਫਤੇ ਅਪਰੇਸ਼ਨ ਬਲਿਊ ਸਟਾਰ ਦੀ ਵਰ੍ਹੇਗੰਢ ਦੇ ਦਿਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿੱਚ ਇਕ ਵਫ਼ਦ ਨੇ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਕੀਤੀ ਅਤੇਭਾਰਤੀ ਫੌਜ ਵੱਲੋਂਸਾਲ 1984 ਵਿੱਚਅਪਰੇਸ਼ਨ ਬਲਿਊ ਸਟਾਰ ਦੌਰਾਨਕਬਜ਼ੇ ਵਿਚ ਲਿਆ ਸਾਮਾਨ ਵਾਪਸ ਦੇਣ ਦੀ ਮੰਗ ਕੀਤੀ ਸੀ। ਉਸ ਪਿੱਛੋਂ ਅਮਿਤ ਸ਼ਾਹ ਨੇ ਸਿੱਖ ਰੈਫਰੈਂਸ ਲਾਇਬ੍ਰੇਰੀ ਵਿੱਚੋਂ ਫ਼ੌਜ ਵੱਲੋਂਚੁੱਕੇ ਸਾਮਾਨ ਦੀ ਸੂਚੀ ਮੰਗ ਲਈ ਹੈ ਤਾਂ ਜੋ ਪਤਾ ਕੀਤਾ ਜਾ ਸਕੇ ਕਿ ਕਿੰਨੀ ਗਿਣਤੀ ਵਿਚ ਧਾਰਮਿਕ ਗ੍ਰੰਥ, ਸਾਹਿਤ ਤੇ ਹੋਰ ਦਸਤਾਵੇਜ਼ ਫ਼ੌਜ ਨੇ ਕਬਜ਼ੇ ਵਿਚ ਲਏ ਸਨ। ਇਸ ਦਾ ਦਿਲਚਸਪ ਪੱਖ ਇਹ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ ਜੀ ਪੀ ਸੀ) ਪਿਛਲੇ 35 ਸਾਲਾਂ ਤੋਂਇਹ ਖ਼ਜ਼ਾਨਾ ਮੋੜਨ ਦੀ ਮੰਗ ਤਾਂ ਕੇਂਦਰ ਸਰਕਾਰ ਤੋਂ ਕਰਦੀ ਰਹੀ ਹੈ, ਪਰ ਅੱਜ ਤੱਕ ਕੋਈ ਪੱਕਾ ਰਿਕਾਰਡ ਤੇ ਸੂਚੀ ਕਦੇ ਪੇਸ਼ਹੀ ਨਹੀਂਸੀ ਕੀਤੀ। ਗ੍ਰਹਿ ਮੰਤਰਾਲੇ ਕੋਲ ਵੀ ਇਸ ਦੀ ਪੱਕੀ ਜਾਣਕਾਰੀ ਨਹੀਂ ਕਿ ਪਿਛਲੇ ਪੈਂਤੀ ਸਾਲਾਂ ਦੇ ਦੌਰਾਨ ਕਿੰਨਾ ਸਾਮਾਨ ਅਤੇ ਦਸਤਾਵੇਜ਼ ਮੋੜੇ ਗਏ ਹਨ ਤੇ ਕਿੰਨੇ ਹੋਰਬਾਕੀ ਹਨ। ਮੰਤਰਾਲੇ ਨੂੰ ਇਹ ਪਤਾ ਨਹੀਂ ਕਿ ਫ਼ੌਜ ਨੇ ਸਾਰੇ ਦਸਤਾਵੇਜ਼ ਤੇ ਹੋਰ ਸਾਮਾਨਐੱਸ ਜੀ ਪੀ ਸੀ ਨੂੰ ਮੋੜ ਦਿੱਤਾ ਸੀ ਜਾਂਨਹੀਂ।

ਇਸ ਬਾਰੇ ਐੱਸ ਜੀ ਪੀ ਸੀਦੇ ਸਾਬਕਾ ਸਕੱਤਰ ਰਘੁਬੀਰ ਸਿੰਘ ਰਾਜਾਸਾਂਸੀ ਦਾ ਕਹਿਣਾ ਹੈ ਕਿ ਸਿੱਖ ਰੈਫਰੈਂਸ ਲਾਇਬ੍ਰੇਰੀ ਵਿਚ ਜਦੋਂਵੀ ਕੋਈ ਦਸਤਾਵੇਜ਼ ਪੁੱਜਦਾ ਜਾਂ ਲਾਇਬ੍ਰੇਰੀ ਵਿੱਚ ਰੱਖਿਆ ਜਾਂਦਾ ਹੈ ਤਾਂ ਉਸ ਦਾ ਪੂਰਾ ਰਿਕਾਰਡ ਬਣਦਾ ਹੈ, ਜਿਸ ਦੇਬਾਕਾਇਦਾ ਰਜਿਸਟਰ ਬਣਾਏ ਜਾਂਦੇ ਹਨ। ਲਾਇਬ੍ਰੇਰੀ ਵਿੱਚ ਰਜਿਸਟਰਾਂ ਵਿੱਚਸਾਰਾ ਵੇਰਵਾ ਦਰਜ ਕੀਤਾ ਜਾਂਦਾ ਹੈ, ਇਸ ਲਈ ਇਸ ਖ਼ਜ਼ਾਨੇ ਦਾ ਰਿਕਾਰਡ ਸ਼੍ਰੋਮਣੀ ਕਮੇਟੀ ਕੋਲ ਲਾਜ਼ਮੀ ਹੋਣਾ ਚਾਹੀਦਾ ਹੈ, ਪਰ ਅਜੇ ਤਕ ਸ਼੍ਰੋਮਣੀ ਕਮੇਟੀ ਇਹ ਰਿਕਾਰਡ ਨੂੰ ਸਰਕਾਰ ਨੂੰ ਪੇਸ਼ ਨਹੀਂ ਕਰ ਸਕੀ। ਜਦੋਂ ਸੁਖਬੀਰ ਸਿੰਘ ਬਾਦਲ ਨੇ ਗ੍ਰਹਿ ਮੰਤਰੀ ਨੂੰ ਮਿਲ ਕੇ ਸਾਮਾਨ ਮੋੜਨ ਦੀ ਗੱਲ ਕਹੀ ਤਾਂ ਸ਼੍ਰੋਮਣੀ ਕਮੇਟੀ ਨੇ ਕਾਹਲੀ ਵਿਚ 13 ਜੂਨ ਨੂੰ ਮੀਟਿੰਗ ਸੱਦ ਲਈ, ਪਰਐੱਸ ਜੀ ਪੀ ਸੀ ਦੇ ਅੰਦਰਲੇ ਸੂਤਰਾਂ ਅਨੁਸਾਰ ਦੁਰਲੱਭ ਦਸਤਾਵੇਜ਼ਾਂ ਵਿੱਚੋਂ ਧਾਰਮਿਕ ਸਾਹਿਤ ਚੋਰੀ ਹੋਣ ਤੇ ਗੁਆਚਣ ਦੀਆਂ ਖਬਰ ਜੇ ਸੱਚ ਹਨ ਤਾਂ ਇਹ ਸਿੱਖੀ ਤੇ ਸਿੱਖਾਂ ਲਈ ਚਿੰਤਾਜਨਕ ਤੇ ਗੰਭੀਰ ਮਾਮਲਾ ਹਨ।

ਚੇਤੇ ਰੱਖਣ ਯੋਗ ਹੈ ਕਿ ਸਿੱਖ ਆਗੂ ਸਤਨਾਮ ਸਿੰਘ ਖੰਡਾ ਨੇ 2002 ਵਿੱਚ ਸੁਪਰੀਮ ਕੋਰਟ ਵਿੱਚ ਇੱਕ ਪਟੀਸ਼ਨ ਰਾਹੀਂ ਸੀਬੀਆਈ ਤੋਂ ਦਸਤਾਵੇਜ਼ਾਂ ਬਾਰੇ ਜਵਾਬ ਮੰਗਣ ਦੀ ਅਪੀਲ ਕੀਤੀ ਸੀਤਾਂ ਸੀਬੀਆਈ ਨੇ ਸੁਪਰੀਮ ਕੋਰਟ ਨੂੰ ਸਾਲ 2004 ਵਿੱਚ ਜਵਾਬ ਦਿੱਤਾ ਸੀ ਕਿ ਐੱਸ ਜੀ ਪੀ ਸੀਨੂੰ ਸਾਰਾ ਸਾਮਾਨਫੌਜ ਵਾਪਸ ਕਰ ਚੁੱਕੀ ਹੈ। ਨਤੀਜੇ ਵਜੋਂ ਅਦਾਲਤ ਨੇ ਸਤਨਾਮ ਸਿੰਘ ਦੀ ਪਟੀਸ਼ਨ ਰੱਦ ਕਰ ਦਿੱਤੀ ਸੀ। ਫ਼ੌਜ ਨੇ ਸੀਬੀ ਆਈ ਦੇ ਰਾਹੀਂ ਸਾਲ 1984 ਤੋਂ ਲੈ ਕੇ ਸਾਲ 2004 ਦੇ ਅੰਤ ਤਕ ਵੱਖ-ਵੱਖ ਸਮੇਂ ਸੱਤ ਵਾਰੀ ਸਾਮਾਨ ਮੋੜਿਆ ਹੈ।ਕਿਹਾ ਜਾਂਦਾ ਹੈ ਕਿ 30 ਅਕਤੂਬਰ 2004 ਨੂੰ ਐੱਸ ਜੀ ਪੀ ਸੀ ਨੂੰ ਖ਼ਜ਼ਾਨੇ ਦੇ ਦੋ ਟਰੰਕ ਆਖਰੀ ਵਾਰੀ ਮੋੜੇ ਗਏ ਸਨ, ਜਿਨ੍ਹਾਂ ਵਿੱਚ ਅੱਗ ਦੇ ਨਾਲ ਸੜਿਆ ਸੋਨਾ-ਚਾਂਦੀ, ਭਾਰੀ ਗਿਣਤੀ ਵਿਚ ਭਾਰਤੀ ਤੇ ਵਿਦੇਸ਼ੀ ਕਰੰਸੀ ਅਤੇ ਦੋ ਇਤਿਹਾਸਕ ਰਿਵਾਲਵਰ ਸ਼ਾਮਲ ਸਨ। ਉਸ ਵਕਤ ਦੇ ਐੱਸ ਜੀ ਪੀ ਸੀਦੇ ਸਕੱਤਰ ਦਲਮੇਘ ਸਿੰਘ, ਦੋ ਹੋਰ ਅਧਿਕਾਰੀਆਂ ਤਰਲੋਚਨ ਸਿੰਘ, ਕੁਲਦੀਪ ਸਿੰਘ ਬਾਬਾ ਤੇ ਹੋਰਨਾਂ ਨੇ ਇਸ ਖ਼ਜ਼ਾਨੇ ਨੂੰ ਫ਼ੌਜ ਕੋਲੋਂਬਾਕਾਇਦਾ ਰਸੀਦ ਦੇ ਕੇ ਪ੍ਰਾਪਤ ਕੀਤਾ ਸੀ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਚਾਚੇ ਨੇ ਹੀ ਕਹੀ ਨਾਲ ਵਾਰ ਕਰਕੇ ਨੌਜਵਾਨ ਦਾ ਕਤਲ ਕੀਤਾ

ਕਪੂਰਥਲਾ, 11 ਜੂਨ (ਪੋਸਟ ਬਿਊਰੋ)- ਥਾਣਾ ਸਦਰ ਕਪੂਰਥਲਾ ਦੀ ਪੁਲਸ ਨੇ ਬੀਤੇ ਦਿਨੀਂ ਇਕ ਲੜਕੇ ਦੇ ਅੰਨ੍ਹੇ ਕਤਲ ਦੇ ਮਾਮਲੇ ਨੂੰ ਸੁਲਝਾਉਂਦੇ ਹੋਏ ਮ੍ਰਿਤਕ ਲੜਕੇ ਦੇ ਚਾਚੇ ਨੂੰ ਗ੍ਰਿਫਤਾਰ ਕਰ ਲਿਆ ਹੈ, ਜਿਸ ਨੇ ਇਕ ਮਾਮੂਲੀ ਜਿਹੀ ਗੱਲ 'ਤੇ ਆਪਣੇ ਭਤੀਜੇ ਦਾ ਕਤਲ ਕਰ ਦਿੱਤਾ ਸੀ।

ਇਸ ਸੰਬੰਧ ਵਿੱਚ ਪ੍ਰੈੱਸ ਨੂੰ ਸੰਬੋਧਨ ਕਰਦੇ ਹੋਏ ਡੀ ਐਸ ਪੀ ਸਬ ਡਵੀਜ਼ਨ ਹਰਿੰਦਰ ਸਿੰਘ ਗਿੱਲ ਨੇ ਦੱਸਿਆ ਕਿ ਅੱਠ ਜੂਨ 2019 ਨੂੰ ਥਾਣਾ ਸਦਰ ਕਪੂਰਥਲਾ ਦੀ ਪੁਲਸ ਨੇ ਪਿੰਡ ਲੱਖਨ ਕਲਾ ਨੇੜੇ ਖਿੱਜਰਪੁਰ ਵਿੱਚ ਕਰਨੈਲ ਸਿੰਘ ਦੇ ਖੇਤਾਂ ਤੋਂ ਜ਼ਮੀਨ ਵਿੱਚ ਦਬਾਈ ਇਕ ਲੜਕੇ ਦੀ ਲਾਸ਼ ਬਰਾਮਦ ਕੀਤੀ ਸੀ। ਲੜਕੇ ਦਾ ਸਿਰ ਧੜ ਤੋਂ ਵੱਖ ਮਿਲਿਆ ਸੀ, ਜਿਸ ਬਾਰੇ ਥਾਣਾ ਸਦਰ ਕਪੂਰਥਲਾ ਦੀ ਪੁਲਸ ਨੇ ਅਣਪਛਾਤੇ ਦੋਸ਼ੀਆਂ ਦੇ ਖਿਲਾਫ ਕਤਲ ਦਾ ਕੇਸ ਦਰਜ ਕਰ ਲਿਆ ਸੀ। ਇਸ ਦੌਰਾਨ ਕੇਸ ਨੂੰ ਸੁਲਝਾਉਣ ਲਈ ਐਸ ਐਸ ਪੀ ਨੇ ਡੀ ਐਸ ਪੀ ਕੰਟਰੋਲ ਰੂਮ ਬਲਕਾਰ ਸਿੰਘ ਦੀ ਨਿਗਰਾਨੀ ਵਿੱਚ ਵਿਸ਼ੇਸ਼ ਟੀਮ, ਜਿਸ ਵਿੱਚ ਐਸ ਐਚ ਓ ਸਦਰ ਇੰਸਪੈਕਟਰ ਗੁਰਦਿਆਲ ਸਿੰਘ ਸ਼ਾਮਲ ਸਨ, ਬਣਾਈ ਸੀ। ਇਸ ਟੀਮ ਨੇ ਜਦ ਆਪਣੇ ਤੌਰ ਉਤੇ ਮਾਮਲੇ ਦੀ ਜਾਂਚ ਕੀਤੀ ਤਾਂ ਸੂਚਨਾ ਮਿਲੀ ਕਿ ਇਸ ਅੰਨ੍ਹੇ ਕਤਲ ਨੂੰ ਪਿੰਡ ਲੱਖਨ ਕਲਾਂ ਦੇ ਨਜ਼ਦੀਕ ਠੇਕੇ ਉੱਤੇ ਜ਼ਮੀਨ ਲੈ ਕੇ ਤਰਬੂਜ ਦੀ ਖੇਤੀ ਕਰਦੇ ਬਿਹਾਰ ਦੇ ਜ਼ਿਲਾ ਸੀਤਾਮੜੀ ਦੇ ਸੰਜੇ ਠਾਕੁਰ ਉਰਫ ਸੰਜੇ ਪੁੱਤਰ ਅਖਿਲੇਸ਼ਵਰ ਠਾਕੁਰ ਨੇ ਕੀਤਾ ਦਿੱਤਾ ਹੈ, ਜੋ ਸਵੇਰ ਤੋਂ ਗਾਇਬ ਹੈ। ਸਦਰ ਪੁਲਸ ਨੇ ਸੰਜੇ ਨੂੰ ਪਿੰਡ ਰਜਾਪੁਰ ਮੋੜ ਦੇ ਕੋਲੋਂ ਗ੍ਰਿਫਤਾਰ ਕਰ ਲਿਆ। ਪੁੱਛਗਿੱਛ ਦੌਰਾਨ ਸੰਜੇ ਨੇ ਖੁਲਾਸਾ ਕੀਤਾ ਕਿ ਉਹ ਲੰਬੇ ਸਮੇਂ ਤੋਂ ਜ਼ਮੀਨ ਠੇਕੇ ਉਤੇ ਲੈ ਕੇ ਤਰਬੂਜ ਦੀ ਖੇਤੀ ਕਰਦਾ ਹੈ ਅਤੇ ਉਹ ਰਿਸ਼ਤੇ ਵਿੱਚ ਆਪਣੇ ਭਤੀਜਾ ਲੱਗਦੇ ਮ੍ਰਿਤਕ ਅਜੇ ਕੁਮਾਰ ਪੁੱਤਰ ਸੁਧਾ ਬਾਂਜੀ ਵਾਸੀ ਛੋਟਾ ਬਿਲਸਰ ਜ਼ਿਲਾ ਸੀਤਾਮੜੀ ਨੂੰ ਬਿਹਾਰ ਤੋਂ ਲਿਆਇਆ ਸੀ, ਪਰ ਬੀਤੇ ਸੱਤ ਦਿਨਾਂ ਤੋਂ ਅਜੇ ਉਸ ਦਾ ਕਹਿਣਾ ਨਹੀਂ ਮੰਨ ਰਿਹਾ ਸੀ ਅਤੇ ਕਤਲ ਦੇ ਦਿਨ ਮ੍ਰਿਤਕ ਅਜੇ ਨੇ ਉਸ ਦੇ ਲਈ ਖਾਣਾ ਵੀ ਨਹੀਂ ਬਣਾਇਆ ਸੀ ਤੇ ਉਹ ਉਸ ਦੇ ਅੱਗੇ ਬੋਲਦਾ ਸੀ, ਜਿਸ ਕਾਰਨ ਉਸ ਨੇ ਗੁੱਸੇ ਵਿੱਚ ਆ ਕੇ ਮ੍ਰਿਤਕ ਦੀ ਗਰਦਨ 'ਤੇ ਕਹੀ ਨਾਲ ਕਈ ਵਾਰ ਕੀਤੇ। ਜਿਸ ਦੇ ਕਾਰਨ ਅਜੇ ਦੀ ਮੌਕੇ 'ਤੇ ਹੀ ਮੌਤ ਹੋ ਗਈ।

## African Lion Safari Celebrates 50 Wild Years!

African Lion Safari
2019 Editorial Copy

For a memorable family adventure, close to home, visit African Lion Safari. Conveniently located between Hamilton and Cambridge, the Safari is only an hour's drive from Toronto and an hour and a half from the U.S. border.

Get CLOSER than you ever imagined to over 1,000 exotic birds and animals, including many threatened and endangered species such as the Asian elephant and Rothschild giraffe. Your all-inclusive day "On Safari!TM" includes; drive-through Game Reserves, exciting bird and animal presentations, Pets' Corner, "Nature Boy" scenic railway and "African Queen" boat cruise, Discovery Centre, Misumu Bay Wet Play and Jungle Playgrounds.

As you drive through African Lion Safari's seven large Game Reserves, each with a unique wildlife habitat, you'll see animals moving freely and come incredibly close to a pride of majestic lions, a herd of graceful giraffe, a crash of rhino, and many more animals from around the world. Drive your own vehicle or take an educationally guided, air-conditioned Safari Tour Bus! (additional charge).

After your tour of the reserves, enjoy family-friendly meals, beverages and snacks at Mombasa Market Restaurant. Then visit the Safari Outfitters gift shops, featuring many unique, animal-themed souvenirs.

Visit Misumu Bay Wet Play where your children can GET WET & GO WILD! This interactive water adventure features tipping buckets, water sprays and a splash area to let kids cool off during their hot day "On Safari!TM" (Height and seasonal restrictions apply, visit lionsafari.com before packing your bathing suit)

Explore Discovery Centre and Pets' Corner which is especially popular with young children. Enjoy African Lion Safari's exciting bird and animal presentations, including; Parrot Paradise, Birds of Prey Flying Demonstration and Elephants & Friends.

Another must-see event is the Elephant Swim. Twice daily the parks herd of Asian elephants parade trunk to tail to Recreation Lake to enjoy a leisurely swim. Be sure to have your camera ready!

Founder Colonel G.D. Dailley's original vision was "to create an environment for self-sustaining populations of declining wildlife species." African Lion Safari is recognized internationally for its captive breeding programmes for many endangered species as well as for its efforts to support conservation of wildlife worldwide.

African Lion Safari is proud to be a founding member of CAZA (Canadian Association of Zoos and Aquariums) as well as IAATE (International Association of Avian Trainer and Educators). The park is an active member of WAZA (World Association of Zoos and Aquariums), C2S2 (Conservation Centers for Species Survival) as well as an establishing member of IEF (International Elephant Foundation).

Get EVEN closer with unrivalled access on African Lion Safari's Wake Up The Wild VIP Experience! During this privately guided tour with a Game Warden, witness a pride of lions at their most active time of day and as they devour their morning meal. Then head off road in an open air truck to come within a metre of the endangered rhino, zebra, ostrich, as well as the opportunity to hand feed Canada's largest herd of giraffe. Maximum tour capacity of 12 people. Advanced reservations are required. Book now at wakeupthewild.com.

Go "On Safari!™" this summer and celebrate 50 years of conservation: open daily May 4th to September 29th, 2019.

Your adventure starts at lionsafari.com.

## ਮੋਬਾਈਲ ਖੋਹੰਦੇ ਸਨ ਝਪਟਮਾਰ, ਨਾ ਦਿੱਤਾ ਤਾਂ ਚਾਕੂ ਨਾਲ ਗਲਾ ਵੱਢ ਦਿੱਤਾ

ਲੁਧਿਆਣਾ, 11 ਜੂਨ (ਪੋਸਟ ਬਿਊਰੋ)- ਸਲੇਮ ਟਾਬਰੀ ਇਲਾਕੇ ਵਿੱਚ ਘਰ ਅੱਗੇ ਫੋਨ ਸੁਣਦੇ ਵਿਅਕਤੀ ਤੋਂ ਲੁਟੇਰਿਆਂ ਨੇ ਫੋਨ ਲੁੱਟਣ ਦੀ ਕੋਸ਼ਿਸ਼ ਕੀਤੀ, ਜਦ ਪੀੜਤ ਰੋਕਣ ਲਈ ਉਲਝਿਆ ਤਾਂ ਲੁਟੇਰਿਆਂ ਨੇ ਇਸ ਦੀ ਗਰਦਨ ਵੱਢ ਦਿੱਤੀ ਤੇ ਮੋਬਾਈਲ ਝਪਟ ਕੇ ਲੈ ਗਏ। ਲੋਕਾਂ ਨੇ ਗੰਭੀਰ ਜ਼ਖਮੀ ਹੋਏ ਵਿਸ਼ਣੂ (50) ਨੂੰ ਹਸਪਤਾਲ ਪਹੁੰਚਾਉਣ ਲਈ ਐਂਬੂਲੈਂਸ ਨੂੰ ਫੋਨ ਕੀਤਾ, ਪਰ ਅੱਧੇ ਘੰਟੇ ਤੱਕ ਐਂਬੂਲੈਂਸ ਨਹੀਂ ਆਈ ਤਾਂ ਆਟੋ ਵਿੱਚ ਹਸਪਤਾਲ ਲਿਆਂਦਾ ਗਿਆ। ਹਾਲਤ ਨਾਜ਼ੁਕ ਦੇਖਦੇ ਹੋਏ ਸੀ ਐੱਮ ਸੀ ਹਸਪਤਾਲ ਰੈਫਰ ਕੀਤਾ ਗਿਆ, ਜਿੱਥੇ ਉਸ ਦੀ ਮੌਤ ਹੋ ਗਈ। ਮਿਲੀ ਜਾਣਕਾਰੀ ਮੁਤਾਬਕ ਵਿਸ਼ਣੂ ਸਬਜ਼ੀ ਮੰਡੀ ਵਿੱਚ ਪੱਲੇਦਾਰੀ ਦਾ ਕੰਮ ਕਰਦਾ ਸੀ ਤੇ ਨੇੜੇ ਕਿਰਾਏ ਦੇ ਮਕਾਨ ਵਿੱਚ ਰਹਿੰਦਾ ਸੀ। ਰੋਜ਼ ਵਾਂਗ ਰਾਤ ਅੱਠ ਵਜੇ ਉਹ ਕੰਮ ਤੋਂ ਆਇਆ ਅਤੇ ਖਾਣਾ ਖਾਣ ਦੇ ਬਾਅਦ ਕਰੀਬ ਸਵਾ 10 ਵਜੇ ਮਕਾਨ ਦੇ ਬਾਹਰ ਸੜਕ 'ਤੇ ਬੈਠ ਕੇ ਬਿਹਾਰ ਆਪਣੇ ਪਰਵਾਰ ਨਾਲ ਗੱਲ ਕਰਨ ਲੱਗਾ। ਇਸੇ ਦੌਰਾਨ ਇਕ ਬਾਈਕ 'ਤੇ ਦੋ ਨਸ਼ੇੜੀ ਆਏ, ਜਿਨ੍ਹਾਂ ਨੇ ਚਾਕੂ ਦਿਖਾ ਕੇ ਵਿਸ਼ਣੂ ਤੋਂ ਮੋਬਾਈਲ ਖੋਹਣ ਦੀ ਕੋਸ਼ਿਸ਼ ਕੀਤੀ। ਇਸ ਪਿੱਛੋਂ ਪੀੜਤ ਉਨ੍ਹਾਂ ਦੇ ਨਾਲ ਉਲਝ ਗਿਆ। ਦੂਸਰੇ ਲੁਟੇਰੇ ਨੇ ਵਿਸ਼ਣੂ ਨੂੰ ਫੜ ਲਿਆ ਤੇ ਪਹਿਲੇ ਨੇ ਹੱਥ ਵਿੱਚ ਫੜਿਆ ਚਾਕੂ ਉਸ ਦੀ ਗਰਦਨ ਵਿੱਚ ਮਾਰ ਦਿੱਤਾ ਤੇ ਭੱਜ ਗਏ। ਡਾਕਟਰਾਂ ਨੇ ਦੱਸਿਆ ਕਿ ਉਸ ਦੇ ਗਲੇ ਦੀਆਂ ਨਸਾਂ ਕੱਟਣ ਨਾਲ ਮੌਤ ਹੋ ਗਈ ਹੈ।

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਮੁਫਤ ਪਿਕਅਪ ਅਤੇ ਡਰਾਪ ਆਫ਼
ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

G MEDIA GROUP PRESENTS
RADIO RAMZ PUNJABI
an expression of the community
FROM APRIL 1ST, 2019
ON
FM 91.9
EVERYDAY 1PM TO 2PM
HOST: Harjinder Singh Gill
Ramz Punjabi
RADIO & TV
An expression of the community
647.400.6862 | RAMZPUNJABI@GMAIL.COM | WWW.RAMZPUNJABI.COM

Aikam MEDIA GROUP
Radio Punjab
Monday to Friday
2:00PM to 3:00PM on 89.5 FM
Aikam TV
Every Saturday on Vision TV
Canada Wide
10:00PM to 11:00PM EST
7:00PM to 8:00PM PST
Aikam Arts Academy
Learn Indian Classical Music
Instruments
Folk Dances
Amarjit S Rai
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

# ਜ਼ਿੰਦਗੀ ਦੀ ਜੰਗ ਦੋ ਦਿਨ ਪਹਿਲਾਂ ਹੀ ਹਾਰ ਚੁੱਕਾ ਸੀ ਫ਼ਤਹਿਵੀਰ

*** ਅੱਜ ਅੰਤਿਮ ਵਿਦਾਈ ਮੌਕੇ ਲੋਕਾਂ ਵਿਚ ਰੋਸ ਭੜਕਿਆ**





ਸੰਗਰੂਰ, 11 ਜੂਨ, (ਪੋਸਟ ਬਿਊਰੋ)- ਇਸ ਜ਼ਿਲ੍ਹੇ ਦੇ ਕਸਬਾ ਸੁਨਾਮ ਨੇੜਲੇ ਪਿੰਡ ਭਗਵਾਨਪੁਰਾ ਵਿੱਚ 140 ਫੁੱਟ ਡੂੰਘੇ ਦਸ ਸਾਲ ਪੁਰਾਣੇ ਬੋਰ ਵੈੱਲ ਵਿੱਚ ਡਿੱਗੇ ਹੋਏ ਦੋ ਸਾਲਾ ਬੱਚੇ ਫ਼ਤਹਿਵੀਰ ਸਿੰਘ ਬਚਾਇਆ ਨਹੀਂ ਜਾ ਸਕਿਆ। ਉਸ ਨੂੰ ਮੰਗਲਵਾਰ ਤੜਕੇ ਕਰੀਬ 5.10 ਮਿੰਟ ਉੱਤੇਬੋਰ ਵੈੱਲਤੋਂ ਕੱਢਿਆ ਗਿਆ, ਪਰ ਉਦੋਂ ਤਕ ਉਸ ਦੀ ਮੌਤ ਹੋ ਚੁੱਕੀ ਸੀ। ਉਸ ਨੂੰ ਬੋਰ ਵੈੱਲਵਿੱਚੋਂ ਕੱਢਣ ਪਿੱਛੋਂ ਤੁਰੰਤ ਐਬੂਲੈਂਸ ਵਿੱਚ ਡੀ ਐੱਮਸੀ ਹਸਪਤਾਲ ਲੁਧਿਆਣਾ ਲਿਜਾਇਆ ਗਿਆ, ਜਿੱਥੋਂ ਉਸ ਨੂੰ ਚੰਡੀਗੜ੍ਹ ਪੀ ਜੀ ਆਈ ਰੈਫਰ ਕਰ ਦਿੱਤਾ ਗਿਆ ਅਤੇਪੀ ਜੀ ਆਈ ਵਿੱਚ ਬੱਚੇ ਨੂੰ ਮ੍ਰਿਤਕ ਐਲਾਨ ਕਰ ਦਿੱਤਾ ਗਿਆ। ਪੀ ਜੀ ਆਈ ਦੇ 5 ਡਾਕਟਰਾਂ ਦੀ ਇੱਕ ਟੀਮ ਨੇ ਫ਼ਤਹਿਵੀਰ ਦਾ ਪੋਸਟਮਾਰਟਮ ਕੀਤਾ ਹੈ। ਇਸ ਰਿਪੋਰਟ ਦੇ ਮੁਤਾਬਕ ਫ਼ਤਹਿਵੀਰ ਦੀ ਮੌਤ ਕੁਝ ਦਿਨ ਪਹਿਲਾਂ ਹੋਈ ਦੱਸੀ ਗਈ ਹੈ।

ਸਾਰੇ ਹਾਲਾਤ ਤੋਂ ਸਪੱਸ਼ਟ ਹੈ ਕਿ ਸਰਕਾਰ ਦੀ ਢਿੱਲੀ ਕਾਰਵਾਈ ਕਾਰਨ ਦੋ ਸਾਲਾ ਬੱਚੇ ਫਤਹਿਵੀਰ ਨੂੰ ਬਚਾਇਆ ਨਹੀਂ ਜਾ ਸਕਿਆ। ਉਸ ਨੂੰ ਛੇਵੇਂ ਦਿਨਬੋਰ ਵੈੱਲਤੋਂ ਕੱਢਿਆ ਗਿਆ, ਜਦੋਂ ਤੱਕ ਬਚਣ ਦੀ ਆਸ ਨਹੀਂ ਸੀ ਰਹਿ ਗਈ ਜਾਪਦੀ। ਸਰਕਾਰ ਦੀ ਇਸ ਢਿੱਲੀ ਕਾਰਵਾਈਦੇ ਖਿਲਾਫ ਲੋਕਾਂ ਦਾ ਗੁੱਸਾ ਸਰਕਾਰ ਨਿਕਲ ਰਿਹਾ ਹੈ ਤੇ ਇਸ ਮੁੱਦੇ ਉੱਤੇਆਮ ਲੋਕ ਸਿਆਸੀ ਪਾਰਟੀਆਂ ਨੂੰ ਸਿਆਸਤ ਨਾ ਕਰਨ ਦੇਣ ਲਈ ਇੱਕ ਸੁਰ ਹਨ। ਇਸ ਦੇ ਨਾਲ ਸੋਸ਼ਲ ਮੀਡੀਆ ਉੱਤੇਵੀ ਸਰਕਾਰ ਦੇ ਖਿਲਾਫ ਰੋਸ ਕੱਢਿਆ ਜਾ ਰਿਹਾ ਹੈ।

ਵਰਨਣ ਯੋਗ ਹੈ ਕਿ 150 ਫੁੱਟ ਡੂੰਘੇ ਬੋਰ ਵੈੱਲ ਵਿੱਚ ਡਿੱਗੇ ਹੋਏ 2 ਸਾਲ ਦੇ ਮਾਸੂਮ ਫ਼ਤਹਿਵੀਰ ਸਿੰਘ ਨੂੰ ਅੱਜ ਮੰਗਲਵਾਰ ਸਵੇਰੇ 5.15 ਵਜੇ ਬਾਹਰ ਕੱਢਿਆ ਗਿਆ ਅਤੇ ਫਿਰ ਜਦੋਂ ਚੰਡੀਗੜ੍ਹ ਪੀ ਜੀ ਆਈ ਵਿੱਚ ਲਿਜ-ਾਇਆ ਗਿਆ ਤਾਂ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿਤਾ। ਫ਼ਤਹਿਵੀਰ ਦੀ ਪੋਸਟਮਾਰਟਮ ਰਿਪੋਰਟ ਵਿਚ ਡਾਕਟਰਾਂ ਨੇ ਲਿਖਿਆ ਹੈ ਕਿ ਉਸ ਦੀ ਮੌਤ ਕੁਝ ਦਿਨ ਪਹਿਲਾਂ ਹੋ ਗਈ ਸੀ ਤੇ ਸਰੀਰ ਗਲਣ ਲੱਗਾ ਸੀ। ਰੇਤ ਵਿਚ ਹੋਣ ਕਾਰਨ ਸਰੀਰ ਗਲਣ ਤੋਂ ਕੁਝ ਬਚਾਅ ਹੋ ਗਿਆ, ਪਰ ਉਸ ਨੂੰ ਪੀ ਜੀ ਆਈ ਵਿੱਚ ਲਿਜਾਣ ਸਮੇਂ ਵੀ ਨਬਜ਼ ਅਤੇ ਸਾਹ ਨਹੀਂ ਚੱਲਦੇ ਸਨ, ਉਸ ਦੇ ਦਿਲ ਵਿਚ ਕੋਈ ਧੜਕਣ ਜਾਂ ਗਤੀਵਿਧੀ ਵੀ ਨਹੀਂ ਸੀ।

ਫਤਹਿਵੀਰ ਦੀ ਮੌਤ ਦੇ ਕਾਰਨ ਲੋਕਾਂ ਨੇ ਸੁਨਾਮ ਅਤੇ ਸੰਗਰੂਰ ਵਿੱਚ ਕਈ ਥਾਂ ਰੋਡ ਜਾਮ ਕਰਕੇ ਪ੍ਰਦਰਸ਼ਨ ਕੀਤਾ ਹੈ। ਸੁਨਾਮ ਵਿੱਚ ਵੱਖ-ਵੱਖ ਇਲਾਕਿਆਂ ਵਿੱਚ ਬਾਜ਼ਾਰ ਬੰਦ ਹਨ। ਲੋਕਾਂ ਦਾ ਕਹਿਣਾ ਹੈ ਕਿਬੱਚੇ ਦੀ ਮੌਤ ਦੇ ਦੋਸ਼ੀਆਂ ਨੂੰ ਸਜ਼ਾ ਮਿਲਣੀ ਚਾਹੀਦੀ ਹੈ। ਇਸਦੀ ਬਚਾਅ ਮੁਹਿੰਮ ਪ੍ਰਸਾਸ਼ਨ ਦੇ ਗਲਤ ਢੰਗਾਂ ਕਰਕੇ ਫੇਲ੍ਹ ਹੋਈ ਹੈ।

ਲੁਧਿਆਣਾ ਤੋਂ ਲੋਕ ਇਨਸਾਫ ਪਾਰਟੀ ਦੇ ਮੁਖੀ ਤੇ ਵਿਧਾਇਕ ਸਿਮਰਜੀਤ ਬੈਂਸ ਨੇ ਕਿਹਾ ਹੈ ਕਿ ਇਸ ਮੌਤ ਲਈ ਡਿਪਟੀ ਕਮਿਸ਼ਨਰ ਅਤੇ ਐੱਸ ਡੀਐੱਮ ਜ਼ਿੰਮੇਵਾਰ ਹਨ, ਉਨ੍ਹਾਂ ਦੋਵਾਂ ਉੱਤੇਕੇਸ ਦਰਜ ਹੋਣਾ ਚਾਹੀਦਾ ਹੈ। ਪੀ ਜੀ ਆਈ ਵਿੱਚ ਅਕਾਲੀ ਵਿਧਾਇਕ ਪਰਮਿੰਦਰ ਸਿੰਘ ਢੀਂਡਸਾ ਅਤੇ ਆਮ ਆਦਮੀ ਪਾਰਟੀ ਦੇ ਵਿਧਾਇਕ ਦਲ ਦੇ ਆਗੂ ਹਰਪਾਲ ਸਿੰਘ ਚੀਮਾ ਵੀ ਪਹੁੰਚੇ, ਪਰ ਲੋਕਾਂ ਨੇ ਉਨ੍ਹਾਂ ਦਾ ਕਾਫ਼ੀ ਵਿਰੋਧ ਕੀਤਾ ਤੇ ਓਥੋਂ ਜਾਣ ਨੂੰ ਕਿਹਾ। ਲੋਕਾਂ ਨੇ ਚੀਮਾ ਦੇ ਖ਼ਿਲਾਫ਼ ਨਾਅਰੇ ਲਾਏ ਤੇ ਪੁੱਛਿਆ ਕਿ ਪਿਛਲੇ ਪੰਜ ਦਿਨਾਂ ਤੋਂਉਹ ਨਜ਼ਰ ਨਹੀਂ ਆਏ, ਅੱਜ ਰਾਜਨੀਤੀ ਕਰਨ ਆਏ ਹਨ।

## ਘੱਗਰ ਦਰਿਆ ਵਿੱਚ ਡਿੱਗੇ ਦੋ ਵਿਦਿਆਰਥੀਆਂ 'ਚੋਂ ਇਕ ਦੀ ਮੌਤ

ਦੇਵੀਗੜ੍ਹ, 11 ਜੂਨ (ਪੋਸਟ ਬਿਊਰੋ)- ਪਿੰਡ ਭਸਮੜਾ 'ਚ ਘੱਗਰ ਦਰਿਆ 'ਤੇ ਬਣੇ ਲੱਕੜ ਦੇ ਪੁਲ ਨੂੰ ਪਾਰ ਕਰਦਿਆਂ ਇਕ ਵਿਦਿਆਰਥੀ ਦਰਿਆ 'ਚ ਡਿੱਗ ਪਿਆ, ਜਿਸ ਨੂੰ ਬਚਾਉਣ ਲਈ ਨਾਲ ਜਾਂਦੇ ਦੂਜੇ ਲੜਕੇ ਨੇ ਦਰਿਆ 'ਚ ਛਲਾਂਗ ਮਾਰ ਦਿੱਤੀ, ਪਰ ਇਸ ਦੌਰਾਨ ਪਹਿਲੇ ਲੜਕੇ ਦੀ ਡੁੱਬਣ ਕਾਰਨ ਮੌਤ ਹੋ ਗਈ ਅਤੇ ਦੂਸਰੇ ਲੜਕੇ ਨੂੰ ਰਾਹਗੀਰਾਂ ਵੱਲੋਂ ਬਚਾ ਲਿਆ। ਉਸ ਦਾ ਇਲਾਜ ਹੋ ਰਿਹਾ ਹੈ। ਮਿਲੀ ਜਾਣਕਾਰੀ ਅਨੁਸਾਰ ਪਿੰਡ ਭਸਮੜਾ ਦਾ ਬਾਰਵੀਂ ਦਾ ਵਿਦਿਆਰਥੀ ਸ਼ਮਸ਼ੇਰ ਸਿੰਘ (17) ਪੁੱਤਰ ਗੁਰਮੀਤ ਸਿੰਘ ਅਤੇ ਉਸ ਦਾ ਚਚੇਰਾ ਭਰਾ ਜਸਵੀਰ ਸਿੰਘ ਜੱਸੀ ਪੁੱਤਰ ਰਾਮਪਾਲ ਸਿੰਘ ਵਾਸੀ ਹਦਾਇਤਪੁਰਾ (ਰਾਜਪੁਰਾ) ਪਿੰਡ ਨੇੜੇ ਘੱਗਰ ਦਰਿਆ ਨੂੰ ਪਾਰ ਕਰਨ ਲਈ ਲੱਕੜ ਦੇ ਬਣੇ ਪੁਲ ਤੋਂ ਲੰਘ ਰਹੇ ਸਨ ਤਾਂ ਇਸੇ ਦੌਰਾਨ ਸ਼ਮਸ਼ੇਰ ਸਿੰਘ ਪੁਲ ਤੋਂ ਹੇਠਾਂ ਦਰਿਆ 'ਚ ਡਿੱਗ ਪਿਆ, ਜਿਸ ਨੂੰ ਬਚਾਉਣ ਲਈ ਜਸਵੀਰ ਸਿੰਘ ਜੱਸੀ ਨੇ ਵੀ ਦਰਿਆ 'ਚ ਛਾਲ ਮਾਰ ਦਿੱਤੀ। ਇਨ੍ਹਾਂ ਨੂੰ ਘੱਗਰ ਦਰਿਆ 'ਚ ਡੁੱਬਦਾ ਦੇਖ ਕੇ ਸ਼ਮਸ਼ੇਰ ਸਿੰਘ ਦੇ ਛੋਟੇ ਭਰਾ ਗੁਰਵਿੰ-ਦਰ ਸਿੰਘ ਨੇ ਰੌਲਾ ਪਾ ਦਿੱਤਾ, ਜਿਸ ਕਾਰਨ ਦਰਿਆ ਨੇੜਲੇ ਖੇਤਾਂ 'ਚ ਕੰਮ ਕਰਦੇ ਲੋਕ ਘਟਨਾ ਸਥਾਨ 'ਤੇ ਪਹੁੰਚ ਗਏ ਤੇ ਦਰਿਆ ਵਿੱਚ ਛਾਲ ਲਾ ਕੇ ਡੁੱਬ ਰਹੇ ਲੜਕਿਆਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ।


# ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

**IPTV ਦੁਆਰਾ ਸਤਸੰਗ ਦੇਖੋ**
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224


# ਕੂਲਰ ਵਿੱਚ ਨਸ਼ੇ ਦੀ ਦਵਾਈ ਸੁੱਟ ਕੇ ਪਰਵਾਰ ਬੇਹੋਸ਼ ਕੀਤਾ, 15 ਤੋਲੇ ਗਹਿਣੇ, ਢਾਈ ਲੱਖ ਦੀ ਲੁੱਟ

ਲੁਧਿਆਣਾ, 11 ਜੂਨ (ਪੋਸਟ ਬਿਊਰੋ)- ਦੁਗਰੀ ਇਲਾਕੇ ਵਿੱਚ ਐਤਵਾਰ ਰਾਤ ਸੁੱਤੇ ਪਏ ਪਰਵਾਰ ਦੇ ਕੂਲਰ ਅਤੇ ਘਰ ਵਿੱਚ ਨਸ਼ੇ ਦਾ ਸਪਰੇਅ ਕਰ ਕੇ ਚੋਰ 14 ਤੋਲੇ ਦੇ ਗਹਿਣੇ ਅਤੇ ਢਾਈ ਲੱਖ ਕੈਸ਼ ਲੈ ਗਏ। ਨਸ਼ੇ ਵਿੱਚ ਬੇਹੋਸ਼ ਪਰਵਾਰ ਜਦ ਸਵੇਰੇ ਉਠਿਆ ਤਾਂ ਘਟਨਾ ਦਾ ਪਤਾ ਲੱਗਾ ਅਤੇ ਪੁਲਸ ਨੂੰ ਦੱਸਿਆ। ਸਤਪਾਲ ਸਿੰਘ ਨੇ ਦੱਸਿਆ ਕਿ ਉਹ ਮਾਡਰਨ ਕਿਚਨ ਮੋਡਿਊਲ ਬਣਾਉਣ ਦਾ ਕਾਰੋਬਾਰ ਕਰਦੇ ਹਨ। ਘਰ ਵਿੱਚ ਪਤਨੀ, ਬੇਟਾ, ਮਾਤਾ-ਪਿਤਾ ਤੇ ਭੈਣ ਹਨ। ਰਾਤ ਨੂੰ ਉਹ ਕੂਲਰ ਲਾ ਕੇ ਸੌਂ ਗਏ, ਜਦ ਕਿ ਮਾਤਾ-ਪਿਤਾ ਅਤੇ ਭੈਣ ਏ ਸੀ ਵਾਲੇ ਕਮਰੇ ਵਿੱਚ ਸਨ। ਸਵੇਰੇ ਕਰੀਬ ਸੱਤ ਵਜੇ ਉਠੇ ਤਾਂ ਦੇਖਿਆ ਕਿ ਕਮਰੇ ਦਾ ਸਾਰਾ ਸਾਮਾਨ ਖਿਲਰਿਆ ਹੋਇਆ ਸੀ। ਉਨ੍ਹਾਂ ਨੇ ਪਰਵਾਰ ਦੇ ਬਾਕੀ ਲੋਕਾਂ ਨੂੰ ਆਵਾਜ਼ ਦਿੱਤੀ ਤਾਂ ਉਹ ਵੀ ਖਿਲਾਰਾ ਦੇਖ ਕੇ ਹੈਰਾਨ ਰਹਿ ਗਏ। ਅਲਮਾਰੀਆਂ ਚੈਕ ਕੀਤੀਆਂ ਤਾਂ ਕਰੀਬ 15 ਤੋਲੇ ਸੋਨਾ ਤੇ ਢਾਈ ਲੱਖ ਕੈਸ਼ ਗਾਇਬ ਸੀ। ਸਤਪਾਲ ਦੇ ਮੁਤਾਬਕ ਚੋਰ ਟੇਬਲ 'ਤੇ ਪਿਆ ਸਾਰਾ ਫਰੂਟ ਵੀ ਖਾ ਗਏ। ਸਤਪਾਲ ਨੇ ਦੱਸਿਆ ਕਿ ਚੋਰ ਉਨ੍ਹਾਂ ਦੇ ਗੁਆਂਢੀਆਂ ਦੀ ਛੱਤ ਤੋਂ ਹੁੰਦੇ ਹੋਏ ਉਨ੍ਹਾਂ ਦੇ ਘਰ ਦੀ ਉਪਰਲੀ ਮੰਜ਼ਿਲ 'ਤੇ ਆਏ। ਉਥੋਂ ਦਰਵਾਜ਼ੇ ਦੀ ਕੁੰਡੀ ਤੋੜ ਕੇ ਅੰਦਰ ਵੜੇ ਅਤੇ ਹੇਠਾਂ ਘਰ ਵਿੱਚ ਦਖਲ ਹੋ ਗਏ। ਚੋਰਾਂ ਨੇ ਕੂਲਰ ਵਿੱਚ ਬੇਹੋਸ਼ੀ ਦੀ ਦਵਾਈ ਮਿਲਾ ਦਿੱਤੀ।





# GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment

(416) 970-5005

Office: 905-488-2100
Ext. 348

Century 21 President Realty Inc Brokerage
www.vipcondonetwork.com
27 Armthorpe Rd Brampton #3,
ON L6T 5M4 | Fax : 905-488-2101

# ਕੁਝ ਵੀ ਨਹੀਂ ਬਦਲਿਆ ਹੈ ਭਾਰਤ ਵਿੱਚ

-ਪੂਨਮ ਆਈ ਕੌਸ਼ਿਸ਼-

ਦੋ ਜੂਨ, ਅਲੀਗੜ੍ਹ (ਯੂ ਪੀ); ਢਾਈ ਸਾਲਾਂ ਦੀ ਬੱਚੀ ਦੀ ਲਾਸ਼ ਉਸ ਦੀ ਹੱਤਿਆ ਤੋਂ ਤਿੰਨ ਦਿਨ ਬਾਅਦ ਕੂੜੇ ਦੇ ਢੇਰ 'ਚੋਂ ਮਿਲਦੀ ਹੈ। ਇਸ ਘਿਨਾਉਣੀ ਕਰਤੂਤ ਦੀ ਵਜ੍ਹਾ ਕੀ ਹੈ? ਦੋਸ਼ੀ ਨੂੰ ਉਸ ਦੇ ਦਾਦੇ ਦੇ 10,000 ਰੁਪਏ ਵਾਪਸ ਦੇਣ ਲਈ ਕਿਹਾ ਗਿਆ ਸੀ, ਇਸ ਲਈ ਉਸ ਨੇ ਪੋਤੀ ਦੀ ਜਾਨ ਲੈ ਲਈ। ਇਹੋ ਨਹੀਂ, ਪੁਲਸ ਨੇ ਕੇਸ ਵੀ ਦਰਜ ਨਹੀਂ ਕੀਤਾ, ਜਿਸ ਕਾਰਨ ਕਾਫੀ ਹੰਗਾਮਾ ਹੋਇਆ ਤੇ ਬਾਅਦ ਵਿੱਚ ਪੰਜ ਪੁਲਸ ਮੁਲਾਜ਼ਮਾਂ ਨੂੰ ਸਸਪੈਂਡ ਕਰ ਦਿੱਤਾ ਗਿਆ।

ਛੇ ਜੂਨ, ਲਾਤੇਹਾਰ (ਝਾਰਖੰਡ); ਇੱਕ 65 ਸਾਲਾ ਵਿਅਕਤੀ ਦੀ ਧੁੱਪ ਨਾਲ ਮੌਤ ਹੋ ਗਈ ਕਿਉਂਕਿ ਉਸ ਨੇ ਚਾਰ ਦਿਨਾਂ ਤੋਂ ਕੁਝ ਨਹੀਂ ਖਾਧਾ ਸੀ। ਉਸ ਦੇ ਪਰਵਾਰ ਨੂੰ ਲਗਭਗ ਤਿੰਨ ਮਹੀਨਿਆਂ ਤੋਂ ਰਾਸ਼ਨ ਨਹੀਂ ਮਿਲ ਰਿਹਾ, ਕਿਉਂਕਿ ਬਾਇਓਮੀਟ੍ਰਿਕ ਮਸ਼ੀਨ ਕੰਮ ਨਹੀਂ ਕਰ ਰਹੀ। ਉੜੀਸਾ 'ਚ ਕੁਪੋਸ਼ਣ ਕਾਰਨ ਇਕੋ ਪਰਵਾਰ ਦੇ ਛੇ ਤੇ ਯੂ ਪੀ ਵਿੱਚ ਇੱਕੋ ਪਰਵਾਰ ਦੇ ਅੱਠ ਮੈਂਬਰਾਂ ਦੀ ਮੌਤ ਹੋ ਗਈ। ਇਸ ਤੋਂ ਦੇਸ਼ ਦੇ ਕਲਿਆਣਕਾਰੀ ਰਾਜ ਹੋਣ ਬਾਰੇ ਸਵਾਲ ਉਠਦੇ ਹਨ।

ਸੱਤ ਜੂਨ, ਅਕੋਲਾ (ਮਹਾਰਾਸ਼ਟਰ); ਵੱਡੇ ਬਜ਼ੁਰਗਾਂ ਅਤੇ ਨੌਜਵਾਨਾਂ ਨੂੰ ਮੀਲਾਂ ਪੈਦਲ ਚੱਲ ਕੇ ਟੋਏ ਪੁੱਟਣ ਲਈ ਮਜਬੂਰ ਕੀਤਾ ਜਾਂਦਾ ਹੈ ਅਤੇ ਇੱਕ ਭਾਂਡਾ ਸਾਫ ਪਾਣੀ ਪ੍ਰਾਪਤ ਕਰਨ ਲਈ ਤਿੰਨ ਘੰਟੇ ਉਡੀਕ ਕਰਨੀ ਪੈਂਦੀ ਹੈ ਕਿਉਂਕਿ ਇਸ ਖੇਤਰ ਵਿੱਚ ਪਾਣੀ ਸੋਨੇ ਤੋਂ ਮਹਿੰਗਾ ਹੋ ਗਿਆ ਹੈ। ਮੱਧ ਪ੍ਰਦੇਸ਼ ਵਿੱਚ ਪੁਲਸ ਪਾਣੀ ਦੇ ਟੈਂਕਰਾਂ ਦੀ ਸੁਰੱਖਿਆ ਕਰਦੀ ਹੈ, ਨਹੀਂ ਤਾਂ ਪਾਣੀ ਲਈ ਦੰਗੇ ਛਿੜ ਜਾਣਗੇ। ਦੇਸ਼ ਦੀਆਂ ਗਲੀਆਂ ਤੇ ਸੜਕਾਂ 'ਤੇ ਲੋਕਾਂ ਵਿੱਚ ਰੋਸ ਦੇਖਣ ਨੂੰ ਮਿਲਦਾ ਹੈ।

ਮੇਰੇ ਮਹਾਨ ਦੇਸ਼ ਵਿੱਚ ਕੁਝ ਨਹੀਂ ਬਦਲਿਆ। ਅਖਬਾਰਾਂ ਵਿੱਚ ਰੋਜ਼ਾਨਾ ਗਰੀਬੀ, ਭੁੱਖਮਰੀ ਕਾਰਨ ਮੌਤਾਂ, ਪੁਲਸ ਤਸ਼ੱਦਦ, ਪਾਣੀ ਲਈ ਝਗੜੇ ਅਤੇ ਭੋਜਨ ਲਈ ਮਾਰ-ਕੁਟਾਈ ਦੀਆਂ ਖਬਰਾਂ ਦੇਖਣ ਨੂੰ ਮਿਲਦੀਆਂ ਹਨ। ਸਾਡੇ ਨੇਤਾਵਾਂ, ਪੁਲਸ ਮੁਲਾਜ਼ਮਾਂ ਅਤੇ ਅਫਸਰਾਂ ਬਾਰੇ ਘੱਟ ਹੀ ਕਿਹਾ ਜਾਵੇ ਤਾਂ ਚੰਗਾ ਹੈ। ਇਹ ਸਾਰੇ ਉਦਾਸੀਨ ਅਤੇ ਸੁਆਰਥੀ ਪ੍ਰਸ਼ਾਸਨ ਦੇ ਖਾਮੋਸ਼ ਦਰਸ਼ਕ ਬਣੇ ਹੋਏ ਹਨ। ਉਨ੍ਹਾਂ ਕੋਲ ਇਨ੍ਹਾਂ ਸਮੱਸਿਆਵਾਂ ਦਾ ਕੋਈ ਹੱਲ ਨਹੀਂ ਹੈ।

ਸਵਾਲ ਉਠਦਾ ਹੈ ਕਿ ਮੇਰਾ ਭਾਰਤ ਮਹਾਨ ਕਿੱਧਰ ਜਾ ਰਿਹਾ ਹੈ ਅਤੇ ਇਸ ਤੋਂ ਵੀ ਅਹਿਮ ਸਵਾਲ ਇਹ ਕਿ ਸਾਡੇ ਨੇਤਾ ਉਸ ਨੂੰ ਕਿੱਥੇ ਲਿਜਾ ਰਹੇ ਹਨ? ਲੱਗਦਾ ਹੈ ਕਿ ਉਹ ਇਸ ਨੂੰ ਨਰਕ ਨੂੰ ਲਿਜਾ ਰਹੇ ਹਨ ਕਿਉਂਕਿ ਘਿਨਾਉਣੀਆਂ ਘਟਨਾਵਾਂ ਨਾਲ ਵੀ ਸਾਡੇ ਨੇਤਾਵਾਂ ਦੀ ਚੇਤਨਾ ਨਹੀਂ ਜਾਗਦੀ। ਕੀ ਉਹ ਇਸ ਨੂੰ ਬੁਰਾ ਸੁਫਨਾ ਕਹਿ ਕੇ ਟਾਲ ਦੇਣਗੇ? ਕੀ ਲੋਕ ਇਸ ਮੁੱਦੇ ਨੂੰ ਹੌਲੀ ਹੌਲੀ ਭੁੱਲ ਜਾਣਗੇ? ਕੀ ਸੱਚਮੁੱਚ ਕੋਈ ਪ੍ਰਵਾਹ ਕਰਦਾ ਹੈ? ਬਿਲਕੁਲ ਨਹੀਂ। ਅੱਜ ਪੁਲਸ ਦਾ ਰਵੱਈਆ ਦਰਿੰਦੇ, ਹੰਕਾਰੀ ਅਤੇ 'ਮੈਂ ਹੀ ਕਾਨੂੰਨ ਹਾਂ' ਵਾਲਾ ਹੋ ਗਿਆ ਹੈ। ਇਸ ਦੀ ਵਜ੍ਹਾ ਸਰਕਾਰ ਦੀ ਅਪਰਾਧਕ ਉਦਾਸੀਨਤਾ, ਕੰਮ ਚਲਾਊ ਰੁਖ ਅਤੇ ਅਫਸਰਾਂ ਦਾ 'ਚੱਲਦਾ ਹੈ' ਵਾਲਾ ਵਿਹਾਰ ਹੈ। ਕੀ ਇਥੇ ਕਾਨੂੰਨ ਦਾ ਰਾਜ ਹੈ?

ਕੀ ਬ੍ਰਾਂਡ ਇੰਡੀਆ ਨੂੰ ਪਤਾ ਹੈ ਕਿ ਲਗਭਗ 19.59 ਕਰੋੜ ਲੋਕ ਭੁੱਖੇ ਢਿੱਡ ਸੌਂਦੇ ਤੇ ਸੱਤਰ ਕਰੋੜ ਤੋਂ ਜ਼ਿਆਦਾ ਲੋਕ ਗਰੀਬੀ ਦੀ ਰੇਖਾ ਤੋਂ ਹੇਠਾਂ ਗੁਜ਼ਾਰਾ ਕਰਦੇ ਹਨ। ਕੁਪੋਸ਼ਣ ਕਾਰਨ ਰੋਜ਼ਾਨਾ ਲਗਭਗ ਤਿੰਨ ਹਜ਼ਾਰ ਬੱਚਿਆਂ ਦੀ ਮੌਤ ਹੋ ਜਾਂਦੀ ਹੈ। ਦੇਸ਼ ਦੀ 14.9 ਫੀਸਦੀ ਆਬਾਦੀ ਕੁਪੋਸ਼ਣ ਦੀ ਸ਼ਿਕਾਰ ਹੈ ਅਤੇ ਦੇਸ਼ ਵਿੱਚ ਲਗਭਗ 10 ਲੱਖ ਲੋਕ ਸਿਹਤ ਸਹੂਲਤਾਂ ਦੀ ਘਾਟ ਕਾਰਨ ਮਰ ਜਾਂਦੇ ਹਨ। ਇਹ ਸਥਿਤੀ ਉਦੋਂ ਹੈ, ਜਦੋਂ ਦੇਸ਼ ਵਿੱਚ ਭੋਜਨ ਦਾ ਅਧਿਕਾਰ ਐਕਟ ਹੈ ਅਤੇ ਭਾਰਤ ਸੰਸਾਰ ਦੀ ਛੇਵੀਂ ਵੱਡੀ ਅਰਥ ਵਿਵਸਥਾ ਹੈ। ਫਿਰ ਸਰਕਾਰ ਕਿਸ ਤਰ੍ਹਾਂ ਸਭ ਨੂੰ ਭੋਜਨ ਹਾਸਲ ਕਰਾਉਣਾ ਚਾਹੁੰਦੀ ਹੈ ਅਤੇ ਮਨੁੱਖੀ ਪੂੰਜੀ ਦਾ ਨਿਰਮਾਣ ਕਰਨਾ ਚਾਹੁੰਦੀ ਹੈ? ਭੁੱਖ ਬਾਰੇ ਗੰਭੀਰ ਬਹਿਸ ਦੀ ਬਜਾਏ ਸਿਆਸੀ ਦਿਖਾਵਾ ਕਦੋਂ ਤੱਕ ਚੱਲੇਗਾ? ਕਿਹੜਾ ਨੇਤਾ ਇਹ ਯਕੀਨੀ ਬਣਾਉਣ ਲਈ ਅੱਗੇ ਆਵੇਗਾ ਕਿ ਦੇਸ਼ ਵਿੱਚ ਕੋਈ ਵੀ ਭੁੱਖਾ ਨਾ ਮਰੇ।

ਇਹੋ ਨਹੀਂ, ਦੇਸ਼ ਦਾ 43.4 ਫੀਸਦੀ ਹਿੱਸਾ ਸੋਕੇ ਦੀ ਲਪੇਟ ਵਿੱਚ ਹੈ। ਦਿੱਲੀ, ਬੰਗਲੌਰ, ਚੇਨਈ ਅਤੇ ਹੈਦਰਾਬਾਦ ਸਮੇਤ ਦੇਸ਼ ਦੇ 21 ਸ਼ਹਿਰਾਂ ਵਿੱਚ ਸ਼ਾਇਦ 2020 ਤੱਕ ਜ਼ਮੀਨ ਹੇਠਲਾ ਪਾਣੀ ਮੁੱਕ ਜਾਵੇਗਾ, ਜਿਸ ਨਾਲ 60 ਕਰੋੜ ਲੋਕ ਪ੍ਰਭਾਵਤ ਹੋਣਗੇ। ਗੰਗਾ ਸਮੇਤ 11 ਨਦੀਆਂ ਵਿੱਚ 2025 ਤੱਕ ਪਾਣੀ ਦੀ ਘਾਟ ਪੈਦਾ ਹੋ ਜਾਵੇਗੀ, ਜਿਸ ਨਾਲ 2050 ਤੱਕ ਲਗਭਗ 100 ਕਰੋੜ ਲੋਕਾਂ ਦਾ ਜੀਵਨ ਸੰਕਟ 'ਚ ਪੈ ਜਾਵੇਗਾ। 2050 ਤੱਕ ਪਾਣੀ ਦੀ ਮੰਗ 'ਚ 1180 ਮਿਲੀਅਨ ਘਣ ਮੀਟਰ ਦਾ ਵਾਧਾ ਹੋਵੇਗਾ, ਜੋ ਮੌਜੂਦਾ ਪੱਧਰ ਨਾਲੋਂ ਲਗਭਗ 1.65 ਗੁਣਾ ਜ਼ਿਆਦਾ ਹੈ।

ਜੂਨ 2018 ਵਿੱਚ ਨੀਤੀ ਆਯੋਗ ਦੀ ਰਿਪੋਰਟ ਵਿੱਚ ਕਿਹਾ ਗਿਆ ਸੀ ਕਿ ਪਾਣੀ ਦੀ ਮੰਗ ਮੌਜੂਦਾ ਸਪਲਾਈ ਦੇ ਮੁਕਾਬਲੇ ਲਗਭਗ ਦੁੱਗਣੀ ਹੋਵੇਗੀ ਤੇ ਇਸ ਨਾਲ ਭਾਰਤ ਨੂੰ ਆਪਣੇ ਕੁੱਲ ਘਰੇਲੂ ਉਤਪਾਦ (ਜੀ ਡੀ ਪੀ) ਦੇ ਛੇ ਫੀਸਦੀ ਤੱਕ ਨੁਕਸਾਨ ਉਠਾਉਣਾ ਪੈ ਸਕਦਾ ਹੈ। ਫਿਰ ਵੀ ਸਾਡੇ ਚੁਣੇ ਹੋਏ ਆਗੂ ਦਿੱਲੀ ਦੇ ਪੰਜ ਏਕੜ ਵਿੱਚ ਫੈਲੇ ਬੰਗਲਿਆਂ ਵਿੱਚ ਰਹਿੰਦੇ ਹਨ, ਜਿੱਥੇ ਉਹ ਕਣਕ ਅਤੇ ਸਬਜ਼ੀਆਂ ਵੀ ਉਗਾਉਂਦੇ ਹਨ ਤੇ ਇਹ ਸਭ ਦੇਸ਼ ਦੇ ਟੈਕਸ ਦਾਤਿਆਂ ਦੇ ਪੈਸੇ ਨਾਲ ਕੀਤਾ ਜਾਂਦਾ ਹੈ।

ਸਵਾਲ ਉਠਦਾ ਹੈ ਕਿ ਕੀ ਸਾਡੇ ਰਾਸ਼ਟਰਪਤੀ ਨੂੰ 300 ਏਕੜ ਜਗ੍ਹਾ ਵਿੱਚ ਫੈਲੇ 350 ਕਮਰਿਆਂ ਵਾਲੇ ਰਾਸ਼ਟਰਪਤੀ ਭਵਨ ਵਿੱਚ ਰਹਿਣਾ ਚਾਹੀਦਾ ਹੈ, ਜਿਸ ਵਿੱਚ ਗੋਲਫ ਕੋਰਸ, ਸਵੀਮਿੰਗ ਪੂਲ, ਟੈਨਿਸ ਕੋਰਟ ਆਦਿ ਸਹੂਲਤਾਂ ਹਨ, ਜਦ ਕਿ ਦੂਜੇ ਪਾਸੇ ਆਮ ਆਦਮੀ ਕੋਲ ਆਪਣਾ ਸਿਰ ਢਕਣ ਲਈ ਤਿਰਪਾਲ ਦੀ ਛੱਤ ਤੱਕ ਨਹੀਂ। ਸਮਝ ਨਹੀਂ ਆਉਂਦੀ ਕਿ ਸਾਡੇ ਨੇਤਾ ਇੰਨੇ ਵੱਡੇ ਵੱਡੇ ਬੰਗਲਿਆਂ ਵਿੱਚ ਕਿਉਂ ਰਹਿੰਦੇ ਹਨ, ਜਦ ਕਿ ਅਮਰੀਕੀ ਰਾਸ਼ਟਰਪਤੀ ਇੱਕ ਏਕੜ ਦੇ ਵ੍ਹਾਈਟ ਹਾਊਸ ਵਿੱਚ ਹੀ ਰਹਿੰਦੇ ਹਨ।

ਕੀ ਸਾਡਾ ਗਰੀਬ ਦੇਸ਼ ਇਸ ਫਜ਼ੂਲ ਖਰਚੀ ਨੂੰ ਜਾਇਜ਼ ਠਹਿਰਾ ਸਕਦਾ ਹੈ? ਇਨ੍ਹਾਂ ਸਮੱਸਿਆਵਾਂ ਬਾਰੇ ਸਾਡੀ ਸਰਕਾਰ ਦਾ ਹੱਲ ਇਹ ਹੈ ਕਿ ਉਸ ਨੇ ਪਾਣੀ ਦੇ ਸੋਮਿਆਂ ਬਾਰੇ ਮੰਤਰਾਲਾ, ਗੰਗਾ ਵਿਕਾਸ ਅਤੇ ਕਾਇਆਕਲਪ ਮੰਤਰਾਲਾ, ਸਾਫ ਸਫਾਈ ਅਤੇ ਪੀਣ ਵਾਲੇ ਪਾਣੀ ਬਾਰੇ ਮੰਤਰਾਲਾ ਮਿਲਾ ਕੇ ਇਕ ਜਲ ਸ਼ਕਤੀ ਮੰਤਰਾਲਾ ਬਣਾ ਦਿੱਤਾ ਹੈ। ਜਲ ਸੰਕਟ ਦੀ ਗੰਭੀਰਤਾ ਦਾ ਅੰਦਾਜ਼ਾ ਇਸੇ ਤੋਂ ਲਾਇਆ ਜਾ ਸਕਦਾ ਹੈ ਕਿ ਤਾਮਿਲ ਨਾਡੂ ਸਰਕਾਰ ਨੇ ਸਾਰੇ ਮੰਦਰਾਂ ਨੂੰ ਹੁਕਮ ਦਿੱਤਾ ਹੈ ਕਿ ਉਹ ਇੰਦਰ ਦੇਵਤੇ ਨੂੰ ਖੁਸ਼ ਕਰਨ ਲਈ ਯੱਗ ਕਰਨ। ਮੱਧ ਪ੍ਰਦੇਸ਼ ਸਰਕਾਰ ਪਾਣੀ ਦੇ ਅਧਿਕਾਰ ਕਾਨੂੰਨ ਲਿਆਉਣ ਬਾਰੇ ਵਿਚਾਰ ਕਰ ਰਹੀ ਹੈ। ਰਾਜਸਥਾਨ ਦੇ ਥਾਰ ਮਾਰੂਥਲ 'ਚ ਲੋਕ 2500 ਲੀਟਰ ਪਾਣੀ ਲਈ 2500 ਰੁਪਏ ਖਰਚ ਕਰ ਰਹੇ ਹਨ ਤਾਂ ਕਿ ਉਹ ਆਪਣੀ ਤੇ ਆਪਣੇ ਪਸ਼ੂਆਂ ਦੀ ਪਿਆਸ ਬੁਝਾ ਸਕਣ।

ਪਿਛਲੇ ਸਾਲਾਂ 'ਚ ਇਥੇ ਪਾਣੀ ਦਾ ਪੱਧਰ 21.5 ਫੀਸਦੀ ਡਿੱਗ ਪਿਆ ਅਤੇ ਅਗਲੇ ਸਾਲ ਤੱਕ ਭਾਰਤ ਜਲ ਸੰਕਟ ਵਾਲੇ ਦੇਸ਼ਾਂ ਦੀ ਸ਼੍ਰੇਣੀ ਵਿੱਚ ਆ ਜਾਵੇਗਾ। ਦੁਨੀਆ ਵਿੱਚ ਭਾਰਤ ਦੀ ਆਬਾਦੀ 18 ਫੀਸਦੀ ਹੈ, ਜਦ ਕਿ ਇਥੇ ਵਰਤਣ ਯੋਗ ਪਾਣੀ ਚਾਰ ਫੀਸਦੀ ਹੈ। ਫਿਰ ਵੀ ਇਥੇ ਪਾਣੀ ਦੀ ਬਰਬਾਦੀ ਬਹੁਤ ਜ਼ਿਆਦਾ ਹੁੰਦੀ ਹੈ। ਪਾਣੀ ਸੰਭਾਲਣ ਦੀ ਬਜਾਏ ਫਜ਼ੂਲ ਯੋਜਨਾਵਾਂ 'ਤੇ ਅਰਬਾਂ ਰੁਪਏ ਖਰਚ ਕੀਤੇ ਜਾਂਦੇ ਹਨ। ਸਾਡੇ ਦੇਸ਼ 'ਚ ਹੋਣ ਵਾਲੀਆਂ ਕੁੱਲ ਮੌਤਾਂ 'ਚੋਂ 12.5 ਫੀਸਦੀ ਮੌਤਾਂ ਹਵਾ ਪ੍ਰਦੂਸ਼ਣ ਕਾਰਨ ਹੁੰਦੀਆਂ ਹਨ ਅਤੇ ਹਰ ਸਾਲ ਪੰਜ ਸਾਲ ਤੋਂ ਘੱਟ ਉਮਰ ਦੇ ਲਗਭਗ ਇੱਕ ਲੱਖ ਬੱਚਿਆਂ ਦੀ ਮੌਤ ਹਵਾ ਪ੍ਰਦੂਸ਼ਣ ਕਾਰਨ ਹੋ ਜਾਂਦੀ ਹੈ। ਇਸ ਤ੍ਰਾਸਦੀ ਦਾ ਅੰਤ ਦਿਖਾਈ ਨਹੀਂ ਦਿੰਦਾ। ਇਸ ਦੀ ਮੁੱਖ ਵਜ੍ਹਾ ਵਿਵਸਥਾ ਦੀ ਨਾਕਾਮੀ ਹੈ, ਪਰ ਸਵਾਲ ਹੈ ਕਿ ਵਿਵਸਥਾ ਨੂੰ ਨਾਕਾਮ ਕਿਸ ਨੇ ਬਣਾਇਆ? ਰਾਜਨੇਤਾ, ਅਫਸਰਾਂ ਜਾਂ ਪੁਲਸ ਵਾਲਿਆਂ ਨੇ ਨਹੀਂ, ਹਰ ਕੋਈ ਇੱਕ-ਦੂਜੇ 'ਤੇ ਉਂਗਲ ਉਠਾ ਰਿਹਾ ਹੈ। ਹਰ ਕੋਈ ਇਸ ਗੱਲ ਨਾਲ ਵੀ ਸਹਿਮਤ ਹੈ ਕਿ ਦੇਸ਼ ਦੀ ਸਥਿਤੀ ਚੰਗੀ ਨਹੀਂ ਹੈ, ਫਿਰ ਵੀ ਅਸੀਂ ਖੁਦ ਨੂੰ ਸਭਿਅਕ ਸਮਾਜ ਕਹਿੰਦੇ ਹਾਂ।

ਸਭ ਤੋਂ ਦੁਖਦਾਈ ਤੱਥ ਇਹ ਹੈ ਕਿ ਕੋਈ ਇਸ ਗੱਲ ਦੀ ਪ੍ਰਵਾਹ ਨਹੀਂ ਕਰਦਾ। ਮੱਧ ਵਰਗ ਦੀਆਂ ਟਿੱਪਣੀਆਂ ਹੀ ਕਈ ਸਮੱਸਿਆਵਾਂ ਹਨ, ਇਸ ਲਈ ਉਹ ਗਰੀਬਾਂ ਬਾਰੇ ਨਹੀਂ ਸੋਚਦਾ। ਗਰੀਬ ਨਿਰਾਸ਼ ਹੈ ਅਤੇ ਅਮੀਰ ਕਿਸੇ ਦੀ ਪ੍ਰਵਾਹ ਨਹੀਂ ਕਰਦਾ। ਫੀਲ ਗੁੱਡ ਦੀ ਭਾਵਨਾ ਸਿਰਫ ਮੀਡੀਆ ਅਤੇ ਪ੍ਰਸ਼ਾਸਨ 'ਚ ਹੈ। ਇਹ ਇੱਕ ਤਰ੍ਹਾਂ ਨਾਲ ਕੌਮੀ ਸਾਜ਼ਿਸ਼ ਹੈ, ਜਿਸ ਵਿੱਚ ਅਸੀਂ ਸਮੱਸਿਆਵਾਂ ਤੋਂ ਮੋਹ ਮੋੜ ਲੈਂਦੇ ਹਾਂ ਅਤੇ ਸਿਰਫ ਚੰਗੀਆਂ ਗੱਲਾਂ 'ਤੇ ਧਿਆਨ ਦਿੰਦੇ ਹਾਂ। ਫਿਰ ਵੀ ਹਾਲ ਹੀ ਦੀਆਂ ਇਹ ਘਟਨਾਵਾਂ ਦੱਸਦੀਆਂ ਹਨ ਕਿ ਜੇ ਅਸੀਂ ਨਵੇਂ ਭਾਰਤ ਦਾ ਨਿਰਮਾਣ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਆਪਣੀ ਰਣਨੀਤੀ 'ਤੇ ਮੁੜ ਵਿਚਾਰ ਕਰਨਾ ਪਵੇਗਾ। ਸਮਾਂ ਆ ਗਿਆ ਹੈ ਕਿ ਸਖਤ ਤੋਂ ਸਖਤ ਕਦਮ ਚੁੱਕੇ ਜਾਣ ਇੱਕ ਕ੍ਰਾਂਤੀਕਾਰੀ ਤਬਦੀਲੀ ਦੀ ਲੋੜ ਹੈ। ਨੇਤਾਵਾਂ ਨੂੰ ਵਿਵੇਕਹੀਣ ਨੀਤੀਆਂ ਤੋਂ ਬਚਣਾ ਚਾਹੀਦਾ ਹੈ। ਵਿਹਾਰਿਕ ਤੇ ਨਵੀਂ ਸੋਚ ਆਪਣਾਉਣੀ ਪਵੇਗੀ। ਨੀਤੀ, ਖੋਜ ਅਤੇ ਸੇਵਾ ਵਿਚਾਲੇ ਡੂੰਘੇ ਸੰਬੰਧ ਬਣਾਉਣੇ ਹੋਣਗੇ ਅਤੇ ਇਨ੍ਹਾਂ ਦਾ ਕੇਂਦਰ ਬਿੰਦੂ ਆਮ ਆਦਮੀ ਹੋਣਾ ਚਾਹੀਦਾ ਹੈ। ਕੀ ਕਦਮ ਚੁੱਕੇ ਜਾਣ, ਇਸ ਦੇ ਲਈ ਨਾ ਬਹੁਤੇ ਸੰਵੇਦਨਸ਼ੀਲ ਹੋਣ ਦੀ ਲੋੜ ਹੈ ਤੇ ਨਾ ਅੱਖਾਂ ਮੀਚਣ ਦੀ। ਜੇ ਸਮੇਂ ਸਿਰ ਕਦਮ ਨਹੀਂ ਚੁੱਕੇ ਜਾਂਦੇ ਤਾਂ ਹੋਰ ਵੀ ਦੁਖਦਾਈ ਖਬਰਾਂ ਸੁਣਨ ਨੂੰ ਮਿਲਣਗੀਆਂ। ਜ਼ੁਬਾਨੀ ਜਮ੍ਹਾ ਖਰਚ ਨਾਲ ਕੰਮ ਨਹੀਂ ਚੱਲੇਗਾ ਕਿਉਂਕਿ ਜ਼ਿੰਦਗੀ ਸਿਰਫ ਗਿਣਤੀ ਨਹੀਂ, ਸਗੋਂ ਹੱਡ ਮਾਸ, ਖੂਨ ਦਾ ਢਾਂਚਾ ਹੈ, ਜਿਸ ਵਿੱਚ ਇੱਕ ਦਿਲ ਵੀ ਧੜਕਦਾ ਹੈ। ਸਿਰਫ ਸਬਜ਼ਬਾਗ ਦਿਖਾਉਣ ਨਾਲ ਕੰਮ ਨਹੀਂ ਚੱਲੇਗਾ। ਇਸ ਦੇ ਲਈ ਸਖਤ ਕਦਮ ਚੁੱਕਣੇ ਪੈਣਗੇ।

## ਮਿੰਨੀ ਕਹਾਣੀ — ਮੰਗਤੇ ਦਾ ਨੋਟਾ

-ਗੁਰਦਿਆਲ ਦਲਾਲ

ਵੋਟਾਂ ਵਾਲੇ ਦਿਨ ਆਪਣੇ ਵੋਟ ਭੁਗਤਾਉਣ ਮਗਰੋਂ ਮੈਂ ਇਕ ਸਾਹਿਤਕ ਮਿਲਣੀ ਵਿੱਚ ਹਾਜ਼ਰੀ ਲਗਵਾਉਣ ਲਈ ਪਟਿਆਲੇ ਚਲਾ ਗਿਆ। ਸ਼ਾਮ ਨੂੰ ਜਦੋਂ ਆਪਣੇ ਕਸਬੇ 'ਚ ਵਾਪਸ ਆ ਕੇ ਬੱਸ ਤੋਂ ਉਤਰਿਆ ਤਾਂ ਇਕ ਰਿਕਸ਼ੇ ਵਾਲਾ ਮੈਨੂੰ ਆਪਣੇ ਰਿਕਸ਼ੇ 'ਤੇ ਜਾਣ ਦਾ ਸੱਦਾ ਦੇ ਰਿਹਾ ਸੀ।

'ਪੰਜਾਬ ਨੈਸ਼ਨਲ ਬੈਂਕ ਤੱਕ ਕੀ ਲਵੇਂਗਾ?' ਮੈਂ ਕਿਹਾ।

'ਜੀ ਤੀਸ ਰੁਪਏ।' ਉਹ ਬੋਲਿਆ।

'ਪਹਿਲਾਂ ਵੀਹ ਦੇਈਦੇ ਨੇ। ਵੀਹ ਲੈ ਲਵੀਂ।'

'ਨਹੀ ਜੀ, ਜੋ ਰੇਟ ਹੈ, ਮਾਂਗਾ ਹੈ। ਨਹੀਂ ਦੇਨਾ ਤੋ ਆਪ ਕੀ ਮਰਜ਼ੀ।' ਉਹ ਮੈਨੂੰ ਛੱਡ ਕਿਸੇ ਹੋਰ ਨੂੰ ਜਾਣ ਲਈ ਪੁੱਛਣ ਲੱਗ ਪਿਆ। ਮੇਰਾ ਘਰ ਨਜ਼ਦੀਕ ਹੀ ਸੀ। ਮੈਂ ਗਲੀਆਂ ਵਿੱਚੀਂ ਪੈਦਲ ਮਾਰਚ ਸ਼ੁਰੂ ਕਰ ਦਿੱਤਾ। ਸੋਚਿਆ, ਪੈਸੇ ਵੀ ਬਚਾਈਏ ਤੇ ਘਰ ਤੱਕ ਪੈਦਲ ਚੱਲ ਕੇ ਸਿਹਤ ਵੀ ਬਣਾਈਏ।

ਘਰ ਦੇ ਗੇਟ 'ਤੇ ਪੁੱਜਾ ਤਾਂ ਉਥੇ ਬੈਠਾ ਅੱਧਖੜ ਉਮਰ ਦਾ ਇਕ ਬੰਦਾ ਰੋਟੀ ਖਾਣ ਲੱਗਾ ਹੋਇਆ ਸੀ। ਉਸ ਨੇ ਹੱਥ ਅੱਡ ਲਿਆ ਤੇ ਬੋਲਿਆ, 'ਕੁਛ ਦੇ ਦੋ ਸਰਦਾਰ ਜੀ। ਮੇਰੀ ਨੂੰਹ ਦਾਖਲ ਏ। ਤੁਹਾਡਾ ਭਲਾ ਹੋਊ।'

ਉਸ ਦੀ ਉਂਗਲ ਉਤੇ ਵੋਟਾਂ ਵਾਲੀ ਸਿਆਹੀ ਲੱਗੀ ਦੇਖ ਮੈਂ ਪੁੱਛ ਲਿਆ, 'ਵੋਟ ਕਿਸ ਨੂੰ ਪਾਈ?'

'ਵੋਟ ਨੋਟਾ ਨੂੰ ਪਾਈ।' ਉਹ ਬੋਲਿਆ।

'ਨੋਟਾ ਦਬਾ ਕੇ ਤੈਨੂੰ ਕੀ ਮਿਲਿਆ?' ਮੈਂ ਪੁੱਛਿਆ।

'ਨੋਟ, ਕਈਆਂ ਤੋਂ ਮਿਲੇ ਨੋਟ।' ਉਹ ਹੱਸਿਆ।

'ਬੜਾ ਸ਼ੈਤਾਨ ਏਂ ਤੂੰ। ਚੱਲ ਉਠ ਐਥੋਂ, ਵਗ ਜਾ।' ਮੈਂ ਗੇਟ ਬੰਦ ਕਰਕੇ ਅੰਦਰ ਵੜਿਆ ਤਾਂ ਪਤਨੀ ਉਸ ਦੇ ਪੀਣ ਲਈ ਪਾਣੀ ਲਈ ਖੜੀ। 'ਇਹਨੂੰ ਤੂੰ ਰੋਟੀਆਂ ਛਕਾਉਣ ਲੱਗੀ ਹੋਈ ਏਂ। ਇਹ ਠੱਗ ਏ। ਇਸ ਨੇ ਨੋਟ ਸਭਨਾਂ ਤੋਂ ਲੈ ਲਏ, ਬਟਨ ਨੋਟਾ ਦਾ ਦਬਾ ਆਇਆ।' ਮੈਂ ਕਿਹਾ।

'ਢਹਿ ਜਾਣਾ ਨਾ ਹੋਵੇ। ਮੈਨੂੰ ਕੀ ਪਤਾ, ਮੈਂ ਤਾਂ ਇਹਨੂੰ ਪੰਜਾਹ ਰੁਪਏ ਵੀ ਦੇ ਬੈਠੀ। ਰੋਣ ਲੱਗ ਪਿਆ, ਕਹਿੰਦਾ ਨੂੰਹ ਦਾਖਲ ਏ, ਪੈਸੇ ਕੋਲ ਹੈ ਨਹੀਂ।' ਉਹ ਬੋਲੀ।

ਉਸ ਦੀ ਗੱਲ ਸੁਣ ਕੇ ਮੇਰੇ ਤਾਂ ਬੋਲ ਹੀ ਖੁਸ਼ਕ ਹੋ ਗਏ। ਗਰੀਬ ਰਿਕਸ਼ੇ ਵਾਲਾ ਮੇਰੇ ਦਿਮਾਗ ਵਿੱਚ ਘੁੰਮਣ ਲੱਗਾ। ਘਰ ਲੁਟਾਉਣ ਵਾਲੀ ਪਤਨੀ 'ਤੇ ਗੁੱਸਾ ਤਾਂ ਆਇਆ, ਪਰ ਆਪਣੀ ਪਤਨੀ ਨੂੰ ਕੋਈ ਕੀ ਕਹਿ ਸਕਦਾ ਏ!

## ਮਿੰਨੀ ਕਹਾਣੀ — ਇੰਟਰਵਿਊ - ਬਦਲੇ ਹਾਲਾਤ

ਇਹ ਉਸ ਸਮੇਂ ਦੀ ਗੱਲ ਹੈ ਜਦੋਂ ਨੌਕਰੀ ਦੀ ਇੰਟਰਵਿਊ ਲੈਣ ਵੇਲੇ ਕੋਈ ਸਿਫ਼ਾਰਸ਼ ਨਹੀਂ ਮੰਨੀ ਜਾਂਦੀ ਸੀ ।ਉਮੀਦਵਾਰਾਂ ਦਾ ਵਿੱਦਿਅਕ ਰਿਕਾਰਡ ਅਤੇ ਵਿਵਹਾਰ ਪਰਖਿਆ ਜਾਂਦਾ ਸੀ।ਉਹਨਾਂ ਦੇ ਗੱਲ-ਬਾਤ ਦਾ,ਉਠਣ ਬੈਠਣ ਦਾ ਤੇ ਕੁਝ ਹੋਰ ਚੀਜ਼ਾਂ ਵੱਲ ਧਿਆਨ ਦਿੱਤਾ ਜਾਂਦਾ ਸੀ। ਇੱਕ ਉਮੀਦਵਾਰ ਜਦੋਂ ਇੰਟਰਵਿਊ ਦੇਣ ਤੋਂ ਬਾਦ ਜਦੋਂ ਜਾਣ ਲਗਾ ਤਾਂ ਉਸ ਨੂੰ ਕਿਹਾ ਗਿਆ ਕਿ ਥੋੜੇ ਜਿਹੇ ਅੰਕਾਂ ਕਰਕੇ ਉਹ ਮੌਕਾ ਖੁੰਝ ਗਿਆ ਹੈ। ਨਿਰਾਸ਼ ਜਿਹਾ ਹੋਕੇ ਉਹ ਬਾਹਰ ਨਿਕਲਿਆ ਹੀ ਸੀ ਕਿ ਉਸ ਦੀ ਨਜ਼ਰ ਬਰਾਂਡੇ ਵਿੱਚ ਡਿਗੀਆਂ ਹੋਈਆਂ ਸੂਈ ਪਿੰਨਾਂ ਤੇ ਪਈ ਤਾਂ ਉਸ ਨੇ ਪਿੰਨਾਂ ਚੁੱਕ ਲਈਆਂ ਤੇ ਬਾਹਰ ਬੈਠੇ ਚਪੜਾਸੀ ਨੂੰ ਫੜਾ ਦਿੱਤੀਆਂ।ਅੰਦਰ ਬੈਠੇ ਇੰਟਰਵਿਊ ਲੈਣ ਵਾਲੇ ਇੱਕ ਅਫਸਰ ਦੀ ਨਜ਼ਰ ਉਸ ਤੇ ਪੈ ਗਈ।ਉਹ ਫਟਾਫਟ ਉੱਠਿਆ ਤੇ ਬਾਹਰ ਆ ਕੇ ਚਪੜਾਸੀ ਨੂੰ ਉਸ ਨੂੰ ਬੁਲਾਉਣ ਲਈ ਕਿਹਾ। ਪਹਿਲਾਂ ਉਹ ਥੋੜਾ ਸਹਿਮ ਜਿਹਾ ਗਿਆ ਕਿ ਪਤਾ ਨਹੀਂ ਕੀ ਗਲਤੀ ਹੋ ਗਈ ਉਸ ਕੋਲੋਂ।ਫਿਰ ਜਦੋ ਉਹ ਅੰਦਰ ਗਿਆ ਤਾਂ ਅਫਸਰ ਨੇ ਸ਼ਾਬਾਸ਼ ਦਿੰਦੇ ਹੋਏ ਕਿਹਾ ਕਿ ,"ਤੈਨੂੰ ਨੌਕਰੀ ਤੇ ਰਖਿਆ ਜਾ ਰਿਹਾ ਹੈ ।ਅਸੀਂ ਸਭ ਨੇ ਇਹ ਸੋਚਿਆ ਕਿ ਜਿਹੜਾ ਬੰਦਾ ਛੋਟੀ ਛੋਟੀ ਚੀਜ਼ ਦੀ ਸੰਭਾਲ਼ ਕਰ ਸਕਦਾ ਹੈ ਉਹ ਆਪਣਾ ਕੰਮ ਬਹੁਤ ਜਿਮੇਂਵਾਰੀ ਨਾਲ ਕਰੇਗਾ।"

ਸਮਾਂ ਕਿੰਨਾ ਬਦਲ ਗਿਆ ਹੈ ਕਿ ਹੁਣ ਤਾਂ ਬੱਸ ਤੁਹਾਡੇ ਕੋਲ ਸਿਫ਼ਾਰਸ਼ ਹੋਣੀ ਚਾਹੀਦੀ ਹੈ। ਥੋੜੇ ਦਿਨ ਪਹਿਲਾਂ ਹੀ ਇਸਤਰਾਂ ਇੰਟਰਵਿਊ ਚਲ ਰਹੀ ਸੀ,ਇੱਕ ਉਮੀਦਵਾਰ ਸਿਫ਼ਾਰਸ਼ ਦੇ ਸਹਾਰੇ ਇੰਟਰਵਿਊ ਦੇਕੇਜਿਵੇਂ ਹੀ ਉਹ ਬਾਹਰ ਨਿਕਲਿਆ ਉਸ ਦੀ ਨਜ਼ਰ ਬਰਾਂਡੇ ਵਿੱਚ ਡਿਗੇ ਹੋਏ ਪੈੱਨ ਤੇ ਪਈ ,ਉਸ ਨੇ ਪੈਨ ਚੁੱਕਿਆ ਤੇ ਅੰਦਰ ਫੜਾਉਣ ਆ ਗਿਆ। ਅਫਸਰਾਂ ਵਿੱਚੋਂ ਇਕ ਨੇ ਉਸ ਦੀ ਸਿਫ਼ਾਰਸ਼ ਲਾਉਣ ਵਾਲੇ ਨੂੰ ਫ਼ੋਨ ਕਰਕੇ ਉਸ ਦੀ ਕਾਰਗੁਜ਼ਾਰੀ ਦੱਸੀ। ਕਿਹਾ ਕਿ," ਭਾਰੀ ਤੇਰੇ ਵਾਲਾ ਬੰਦਾ ਤਾਂ ਬਹੁਤ ਔਖਾ ਕਰੂਗਾ; ਜਿਹੜਾ ਡਿਗਿਆ ਹੋਇਆ ਪੈੱਨ ਨਹੀਂ ਰੱਖ ਸਕਦਾ ਉਹ ਆਪ ਕੀ ਖਾਊ ਤੇ ਸਾਨੂੰ ਕੀ ਖਵਾਓ?"



# ਬਿਆਸ ਦਰਿਆ ਵਿੱਚੋਂ ਭਰੇ ਪਾਣੀ ਦੇ 12 ਨਮੂਨੇ ਫੇਲ੍ਹ ਹੋਏ



ਜਲੰਧਰ, 11 ਜੂਨ (ਪੋਸਟ ਬਿਊਰੋ)- ਬਿਆਸ ਦਰਿਆ 'ਚ 16 ਥਾਵਾਂ ਤੋਂ ਪਾਣੀ ਦੇ ਭਰੇ ਨਮੂਨਿਆਂ 'ਚੋਂ 12 ਨਮੂਨੇ ਫੇਲ੍ਹ ਪਾਏ ਗਏ ਹਨ ਜਦ ਕਿ ਸਿਰਫ ਚਾਰ ਨਮੂਨੇ ਪਾਸ ਹੋ ਸਕੇ ਹਨ। ਇਸ ਬਾਰੇ ਜਿਹੜੀਆਂ ਰਿਪੋਰਟਾਂ ਆਈਆਂ ਹਨ, ਉਨ੍ਹਾਂ ਵਿੱਚ ਬੀ ਓ ਡੀ (ਬਾਇਓ ਆਕਸੀਜਨ ਡਿਮਾਂਡ) ਦੇ ਪੱਧਰ 'ਚ ਕੁਝ ਸੁਧਾਰ ਹੋਇਆ ਹੈ, ਪਰ ਨਿਗਮ, ਕਮੇਟੀਆਂ ਪਲਾਂਟ ਦੇ ਪਾਣੀ ਕਰਕੇ ਦਰਿਆ 'ਚ ਪਾਣੀ ਪ੍ਰਦੂਸ਼ਿਤ ਪਾਇਆ ਗਿਆ ਹੈ। ਪੰਜਾਬ ਸਰਕਾਰ ਦੀ ਹਦਾਇਤ ਉੱਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਇਸ ਵਕਤ ਸਤਲੁਜ, ਬਿਆਸ, ਘੱਗਰ ਦਰਿਆਵਾਂ 'ਤੇ ਨਿਗਰਾਨੀ ਕੇਂਦਰ ਸਥਾਪਤ ਕਰਕੇ ਪਾਣੀ ਦੀ ਕੁਆਲਿਟੀ ਦੀ ਜਾਂਚ ਕਰਵਾ ਰਿਹਾ ਹੈ। ਬੋਰਡ ਦੇ ਕੋਲ ਇਸ ਵੇਲੇ ਬਿਆਸ ਦਰਿਆ ਤੋਂ ਭਰੇ ਪਾਣੀ ਦੇ ਨਮੂਨਿਆਂ ਬਾਰੇ ਰਿਪੋਰਟ ਆ ਗਈ ਹੈ। ਬੋਰਡ ਨੇ ਬਿਆਸ ਦਰਿਆ ਵਿੱਚ 156 ਥਾਵਾਂ ਤੋਂ ਡਿੱਗਦੇ ਨਿਗਮ, ਕਮੇਟੀਆਂ ਦੇ ਪਾਣੀ ਦੇ ਨਮੂਨੇ ਭਰੇ ਸਨ। ਇਸ ਵਿੱਚ ਪਠਾਨਕੋਟ, ਤਲਵਾੜਾ, ਮੁਕੇਰੀਆਂ, ਦਸੂਹਾ, ਸੁਲਤਾਨਪੁਰ ਲੋਧੀ, ਕਪੂਰਥਲਾ ਸਮੇਤ 16 ਕਮੇਟੀਆਂ ਦਾ ਪਾਣੀ ਡਿੱਗਦਾ ਹੈ। ਪਾਣੀ ਨੂੰ ਸਾਫ ਕਰਨ ਲਈ ਜਿਹੜੇ ਟਰੀਟਮੈਂਟ ਪਲਾਂਟ ਲਗਾਏ ਗਏ ਹਨ, ਉਨ੍ਹਾਂ 16 ਥਾਵਾਂ ਤੋਂ ਬੋਰਡ ਦੀ ਟੀਮ ਨੇ ਨਮੂਨੇ ਭਰਵਾਏ ਸਨ। ਰਿਪੋਰਟ ਮੁਤਾਬਕ ਟਰੀਟਮੈਂਟ ਪਲਾਂਟ ਤੋਂ ਜਿਹੜਾ ਪਾਣੀ ਡਿੱਗਦਾ ਹੈ, ਉਸ 'ਚ ਪਖਾਨਿਆਂ ਦੇ ਬੈਕਟੀਰੀਆ ਦੀ ਮਾਤਰਾ ਜ਼ਿਆਦਾ ਪਾਈ ਗਈ ਹੈ। ਬੋਰਡ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਨ੍ਹਾਂ ਦਰਿਆਵਾਂ 'ਚ ਜਿਹੜੇ ਨਿਗਰਾਨੀ ਕੇਂਦਰ ਸਥਾਪਤ ਕੀਤੇ ਹਨ, ਉਨ੍ਹਾਂ ਤੋਂ ਹਰ ਮਹੀਨੇ ਪਾਣੀ ਦੇ ਨਮੂਨੇ ਭਰੇ ਜਾਣਗੇ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਸੀਨੀਅਰ ਐਸ ਈ ਇੰਜੀਨੀਅਰ ਹਰਬੀਰ ਸਿੰਘ ਨੇ ਕਿਹਾ ਕਿ ਪਾਣੀ ਦੇ ਜਿਹੜੇ ਨਮੂਨੇ ਫੇਲ੍ਹ ਹੋਏ ਹਨ, ਉਨ੍ਹਾਂ 'ਚ ਪਖਾਨਿਆਂ ਦੇ ਬੈਕਟੀਰੀਆ ਦੀ ਮਾਤਰਾ ਜ਼ਿਆਦਾ ਪਾਈ ਗਈ ਹੈ, ਜਿਨ੍ਹਾਂ ਥਾਵਾਂ ਤੋਂ ਨਿਗਮ, ਕਮੇਟੀਆਂ ਆਪਣਾ ਪਾਣੀ ਬਿਆਸ ਦਰਿਆ 'ਚ ਸੁੱਟਦੀਆਂ ਹਨ, ਉਨ੍ਹਾਂ ਨੂੰ ਪਾਣੀ 'ਚ ਕਰੋਰਾਈਜੇਸ਼ਨ ਕਰਨ ਲਈ ਚਿੱਠੀਆਂ ਲਿਖੀਆਂ ਜਾਣਗੀਆਂ।

### ਧਾਰਮਿਕ ਗ੍ਰੰਥਾਂ ਦਾ ਮਾਮਲਾ

# ਮਨਜੀਤ ਸਿੰਘ ਜੀ ਕੇ ਵੱਲੋਂ ਸ਼੍ਰੋਮਣੀ ਕਮੇਟੀ ਸਿੱਖ ਕੌਮ ਨੂੰ ਗੁੰਮਰਾਹ ਕਰਨ ਦਾ ਦੋਸ਼



ਜਲੰਧਰ, 11 ਜੂਨ (ਪੋਸਟ ਬਿਊਰੋ)- ਸਾਲ 1984 ਵਿੱਚ ਭਾਰਤੀ ਫੌਜ ਵੱਲੋਂ ਅਪਰੇਸ਼ਨ ਬਲਿਊ ਸਟਾਰ ਦੌਰਾਨ ਆਪਣੇ ਕਬਜ਼ੇ ਵਿੱਚ ਲਏ ਗਏ ਸਿੱਖ ਧਾਰਮਿਕ ਗ੍ਰੰਥਾਂ ਤੇ ਹੋਰ ਸਿੱਖ ਸਾਹਿਤ ਦੀ ਵਾਪਸੀ ਬਾਰੇ ਨਿੱਤ ਨਵੇਂ ਖੁਲਾਸੇ ਹੋਣ ਦੇ ਕਾਰਨ ਸਿੱਖ ਸਿਆਸਤ ਵਿੱਚ ਅੱਜ ਕੱਲ੍ਹ ਉਬਾਲ ਆਇਆ ਪਿਆ ਹੈ। ਇਸ ਦੌਰਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ ਕੇ ਨੇ ਉਸ ਵਕਤ ਫੌਜ ਵੱਲੋਂ ਉਸ ਸਮੇਂ ਸਿੱਖ ਰੈਫਰੈਂਸ ਲਾਇਬਰੇਰੀ, ਕੇਂਦਰੀ ਸਿੱਖ ਅਜਾਇਬਘਰ, ਤੋਸ਼ਾਖਾਨਾ, ਸ਼੍ਰੋਮਣੀ ਕਮੇਟੀ ਦਫਤਰ ਤੇ ਗੁਰੂ ਰਾਮਦਾਸ ਲਾਇਬਰੇਰੀ ਤੋਂ ਜ਼ਬਤ ਕੀਤੇ ਗਏ ਸਾਮਾਨ ਦੀ ਵਾਪਸੀ ਬਾਰੇ, ਸ਼੍ਰੋਮਣੀ ਕਮੇਟੀ ਦੀ ਸ਼ੱਕੀ ਚੁੱਪੀ ਬਾਰੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਸ਼੍ਰੋਮਣੀ ਕਮੇਟੀ ਕੌਮ ਨੂੰ ਗੁੰਮਰਾਹ ਕਰ ਰਹੀ ਹੈ, ਉਸ ਨੂੰ ਇਸ ਬਾਰੇ ਵ੍ਹਾਈਟ ਪੇਪਰ ਜਾਰੀ ਕਰਨਾ ਚਾਹੀਦਾ ਹੈ।

ਕੱਲ੍ਹ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਮਨਜੀਤ ਸਿੰਘ ਜੀ ਕੇ ਨੇ ਕਿਹਾ ਅੱਜ ਹੁਣ ਤੱਕ ਸ਼੍ਰੋਮਣੀ ਅਕਾਲੀ ਦਲ ਉੱਤੇ ਪੰਥ ਦਾ ਸੌਦਾ ਕਰਨ ਦਾ ਦੋਸ਼ ਲੱਗਦਾ ਸੀ, ਪਰ ਇਸ ਵਾਰੀ ਗ੍ਰੰਥ ਨੂੰ ਵੇਚਣ ਦੀ ਸੱਚਾਈ ਸਾਹਮਣੇ ਆਈ ਹੈ। 12 ਕਰੋੜ ਵਿੱਚ ਇੱਕ ਹੱਥ-ਲਿਖਤ ਸਰੂਪ ਕਮੇਟੀ ਦੇ ਬੰਦਿਆਂ ਵੱਲੋਂ ਵੇਚਣ ਦੇ ਮੀਡੀਆ ਵੱਲੋਂ ਕੀਤੇ ਦਾਅਵੇ ਪਿੱਛੋਂ ਮਨਜੀਤ ਸਿੰਘ ਜੀ ਕੇ ਨੇ ਕਿਹਾ ਕਿ ਇਸ ਦਾ ਸੱਚ ਸਾਹਮਣੇ ਆਉਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਦਰਬਾਰ ਸਾਹਿਬ ਕਾਰਵਾਈ ਦੇ ਵਕਤ ਸਰਕਾਰ ਇਸ ਦਬਾਅ ਵਿੱਚ ਸੀ ਕਿ ਜੇ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਇੰਦਰਾ ਗਾਂਧੀ ਵੱਲੋਂ ਲਿਖੇ ਖ਼ਤ ਸਿੱਖਾਂ ਦੇ ਹੱਥ ਲੱਗ ਗਏ ਤਾਂ ਇਹ ਸਿੱਖਾਂ ਕੋਲ ਸਰਕਾਰ ਦੇ ਵਿਸ਼ਵਾਸ ਘਾਤ ਦਾ ਸਬੂਤ ਹੋਵੇਗਾ। ਇਸ ਲਈ ਸਰਕਾਰ ਨੇ ਇਸ ਪੱਤਰ ਬਾਰੇ ਸਿੱਖ ਰੈਫਰੈਂਸ ਲਾਇਬਰੇਰੀ ਅਤੇ ਹੋਰ ਸਥਾਨਾਂ ਤੋਂ ਸਾਰੇ ਦਸਤਾਵੇਜ਼ ਜ਼ਬਤ ਕੀਤੇ ਸਨ ਤਾਂ ਜੋ ਉਹ ਪੱਤਰ ਵਾਪਸ ਲਿਆ ਕੀਤਾ ਜਾ ਸਕੇ। ਉਨ੍ਹਾ ਨੇ ਦਾਅਵਾ ਕੀਤਾ ਕਿ ਸ਼੍ਰੋਮਣੀ ਕਮੇਟੀ ਇਹ ਵੀ ਦੱਸਣ ਜੋਗੀ ਨਹੀਂ ਕਿ ਕਮੇਟੀ ਦਾ ਕਿੰਨਾ ਧਾਰਮਿਕ ਅਤੇ ਸਾਹਿਤਕ ਖਜ਼ਾਨਾ ਗਿਆ ਅਤੇ ਕਿੰਨਾ ਵਾਪਸ ਆਇਆ ਹੈ। ਮਨਜੀਤ ਸਿੰਘ ਜੀ ਕੇ ਨੇ ਦੱਸਿਆ ਕਿ ਸਿੱਖ ਵਿਦਵਾਨ ਗੰਡਾ ਸਿੰਘ ਅਤੇ ਸਿੱਖ ਇਤਿਹਾਸ ਸੁਸਾਇਟੀ ਨੇ 27 ਮਾਰਚ 1947 ਨੂੰ ਸਿੱਖ ਰੈਫਰੈਂਸ ਲਾਇਬਰੇਰੀ ਦੀ ਸਥਾਪਨਾ ਕੀਤੀ ਸੀ। ਇਸ ਵਿੱਚ ਹੱਥ ਲਿਖਤ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਦੇ ਸਰੂਪ, ਗੁਰੂ ਸਾਹਿਬ ਦੇ ਹੁਕਮਨਾਮੇ, ਸਾਹਿਤਕ ਖਰੜੇ ਅਤੇ ਧਾਰਮਿਕ ਸਾਹਿਤ ਸ਼ਾਮਲ ਸੀ। ਓਦੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨ ਕਿਰਪਾਲ ਸਿੰਘ ਅਤੇ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਸਾਹਿਬ ਸਿੰਘ ਨੇ ਸਾਹਿਤਕ ਖਜ਼ਾਨੇ ਨੂੰ ਬਚਾਉਣ ਲਈ ਬ੍ਰਿਗੇਡੀਅਰ ਉਂਕਾਰ ਸਿੰਘ ਗੁਰਾਇਆ ਨਾਲ ਮਿਲ ਕੇ ਕੋਸ਼ਿਸ਼ ਕੀਤੀ ਸੀ, ਪਰ ਕਾਮਯਾਬ ਨਹੀਂ ਹੋ ਸਕੇ। ਨੌਂ ਜੂਨ 1984 ਨੂੰ ਸਾਬਕਾ ਕੇਂਦਰੀ ਗ੍ਰਹਿ ਮੰਤਰੀ ਬੂਟਾ ਸਿੰਘ ਨੇ ਗਿਆਨੀ ਕਿਰਪਾਲ ਸਿੰਘ ਨੂੰ ਫੋਨ 'ਤੇ ਦੱਸਿਆ ਸੀ ਕਿ ਫੌਜ ਵੱਲੋਂ ਜ਼ਬਤ 125 ਬੋਰੀਆਂ ਨੂੰ ਉਨ੍ਹਾਂ ਨੇ ਆਪਣੇ ਅੱਖੀਂ ਵੇਖਿਆ ਹੈ।

ਮਨਜੀਤ ਸਿੰਘ ਜੀ ਕੇ ਨੇ ਕਿਹਾ ਕਿ ਫੌਜ ਨੇ ਸਾਰਾ ਸਾਮਾਨ ਸੀ ਬੀ ਆਈ ਨੂੰ ਸੌਂਪ ਦਿੱਤਾ ਸੀ ਤਾਂ ਜੋ ਦਿੱਲੀ ਵਿੱਚ ਚੱਲ ਰਹੇ ਕੇਸ ਵਿੱਚ ਭਿੰਡਰਾਂਵਾਲੇ ਦਾ ਲਿੰਕ ਵਿਦੇਸ਼ੀ ਤਾਕਤਾਂ ਨਾਲ ਸਾਬਤ ਕੀਤਾ ਜਾ ਸਕੇ, ਪਰ ਸੀ ਬੀ ਆਈ ਨੂੰ ਇਸ ਵਿੱਚੋਂ ਦੇਸ਼ ਵਿਰੋਧੀ ਕੁਝ ਵੀ ਨਹੀਂ ਮਿਲਿਆ ਸੀ। ਫਿਰ ਕੋਰਟ ਦੇ ਆਦੇਸ਼ ਉਤੇ ਸੀ ਬੀ ਆਈ ਨੂੰ ਇਹ ਖਜ਼ਾਨਾ ਵਾਪਸ ਦੇਣਾ ਪਿਆ ਸੀ, ਪਰ ਸ਼੍ਰੋਮਣੀ ਕਮੇਟੀ ਇਸ ਤੱਥ ਨੂੰ ਝੁਠਲਾਉਣਾ ਚਾਹੁੰਦੀ ਹੈ, ਜਦੋਂ ਕਿ ਸਭ ਮੀਡੀਆ ਰਿਪੋਰਟਾਂ ਖੁਲਾਸਾ ਕਰਦੀਆਂ ਹਨ ਕਿ ਬਾਬਾ ਜੱਸਾ ਸਿੰਘ ਰਾਮਗੜ੍ਹੀਆ ਦੇ ਦਾਦੇ ਭਾਈ ਹਰੀਦਾਸ ਵੱਲੋਂ ਲਿਖੇ ਆਦਿ ਗੁਰੂ ਗ੍ਰੰਥ ਸਾਹਿਬ ਦਾ ਇੱਕ ਸਰੂਪ, ਜਿਸ ਉਤੇ ਗੁਰੂ ਗੋਬਿੰਦ ਸਿੰਘ ਜੀ ਦੇ ਦਸਖਤ ਸਨ ਅਤੇ ਗੁਰੂ ਸਾਹਿਬ ਨੇ ਆਪਣੇ ਆਪ ਇਹ ਸਰੂਪ ਭਾਈ ਮਨੀ ਸਿੰਘ ਨੂੰ ਦਰਬਾਰ ਸਾਹਿਬ ਦਾ ਮੁਖੀ ਨਿਯੁਕਤ ਕਰਦੇ ਸਮੇਂ 1701 ਵਿੱਚ ਸਪੁਰਦ ਕੀਤਾ ਸੀ, ਉਥੇ ਇਸ ਸਰੂਪ ਨੂੰ 12 ਕਰੋੜ ਵਿੱਚ ਵੇਚਣ ਦੀ ਗੱਲ ਪਤਾ ਲੱਗੀ ਹੈ। ਮਨਜੀਤ ਸਿੰਘ ਜੀ ਕੇ ਨੇ ਸਵਾਲ ਪੁੱਛਿਆ ਕਿ ਜਦੋਂ ਸ਼੍ਰੋਮਣੀ ਕਮੇਟੀ ਦੇ ਕੋਲ ਜ਼ਿਆਦਾਤਰ ਸਾਮਾਨ ਵਾਪਸ ਆ ਚੁੱਕਾ ਸੀ ਤਾਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਕੁਝ ਦਿਨ ਪਹਿਲਾਂ ਤੱਕ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਇਸ ਮਾਮਲੇ ਵਿੱਚ ਕਿਉਂ ਮਿਲੇ ਸਨ? ਜਦੋਂ 18 ਫਰਵਰੀ 2009 ਨੂੰ ਰਾਜ ਸਭਾ ਵਿੱਚ ਸਾਬਕਾ ਰੱਖਿਆ ਮੰਤਰੀ ਏ ਕੇ ਐਂਟੋਨੀ ਨੇ 17 ਪੇਜ ਦੇ ਲਿਖਤੀ ਜਵਾਬ ਵਿੱਚ ਦਾਅਵਾ ਕੀਤਾ ਸੀ ਸਰਕਾਰ ਦੇ ਕੋਲ ਸਾਮਾਨ ਨਹੀਂ ਅਤੇ ਸੀ ਬੀ ਆਈ ਨੇ 2003-04 ਵਿੱਚ ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਸਤਨਾਮ ਸਿੰਘ ਖੰਡਾ ਦੇ ਕੇਸ ਵਿੱਚ ਜਵਾਬ ਦਾਖਲ ਕੀਤਾ ਸੀ ਕਿ ਸਾਰਾ ਸਾਮਾਨ ਉਹ ਸ਼੍ਰੋਮਣੀ ਕਮੇਟੀ ਨੂੰ ਦੇ ਚੁੱਕੇ ਹਨ ਤਾਂ ਸ਼੍ਰੋਮਣੀ ਕਮੇਟੀ ਅੱਜ ਤੱਕ ਚੁੱਪ ਕਿਉਂ ਰਹੀ? ਕਿਸੇ ਕੋਰਟ ਵਿੱਚ ਇਨ੍ਹਾਂ ਦਾਅਵਿਆਂ ਨੂੰ ਚੁਣੌਤੀ ਕਿਉਂ ਨਹੀਂ ਦਿੱਤੀ ਗਈ?

## ਕੇਬਲ ਕੁਨੈਕਸ਼ਨ ਲਾਉਂਦੇ ਨੌਜਵਾਨ ਦੀ ਪੌੜੀ ਤੋਂ ਡਿੱਗ ਕੇ ਮੌਤ

ਜਲੰਧਰ, 11 ਜੂਨ (ਪੋਸਟ ਬਿਊਰੋ)- ਥਾਣਾ ਰਾਮਾ ਮੰਡੀ ਦੀ ਹੱਦ 'ਚ ਲੰਮਾ ਪਿੰਡ ਚੌਕ ਲਾਗੇ ਲੱਕੜ ਦੀ ਪੌੜੀ 'ਤੇ ਚੜ੍ਹ ਕੇ ਕੇਬਲ ਕੁਨੈਕਸ਼ਨ ਦੀ ਤਾਰ ਪਾ ਰਹੇ ਨੌਜਵਾਨ ਦੀ ਪੌੜੀ ਤੋਂ ਡਿੱਗਣ ਨਾਲ ਮੌਤ ਹੋ ਗਈ।

ਪਤਾ ਲੱਗਾ ਹੈ ਕਿ ਰਾਜੂ ਵਾਸੀ ਲੰਮਾ ਪਿੰਡ, ਜਿਹੜਾ ਕੇਬਲ ਦਾ ਕੰਮ ਕਰਦਾ ਹੈ, ਲੰਮਾ ਪਿੰਡ ਚੌਕ ਲਾਗੇ ਆਪਣੇ ਸਾਥੀਆਂ ਨਾਲ ਲੱਕੜ ਦੀ ਪੌੜੀ ਲਾ ਕੇ ਇਲਾਕੇ ਵਿੱਚ ਕੇਬਲ ਪਾ ਰਿਹਾ ਸੀ ਕਿ ਅਚਾਨਕ ਉਹ ਪੌੜੀ ਤੋਂ ਹੇਠਾਂ ਫਰਸ਼ 'ਤੇ ਡਿੱਗ ਪਿਆ। ਸਿਰ ਦੇ ਭਾਰ ਡਿੱਗਣ ਨਾਲ ਉਹ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। ਜ਼ਖਮੀ ਹਾਲਤ 'ਚ ਉਸ ਦੇ ਸਾਥੀ ਲਾਗੇ ਦੇ ਨਿੱਜੀ ਹਸਪਤਾਲ 'ਚ ਲੈ ਗਏ, ਜਿਥੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਮੌਕੇ 'ਤੇ ਮੌਜੂਦ ਲੋਕਾਂ ਨੇ ਦੱਸਿਆ ਕਿ ਜਦੋਂ ਉਕਤ ਨੌਜਵਾਨ ਕੇਬਲ ਪਾ ਰਹੇ ਸਨ ਤਾਂ ਉਨ੍ਹਾਂ ਨੇ ਆਪਣੀ ਪੌੜੀ ਬਿਜਲੀ ਦੇ ਟਰਾਂਸਫਰਾਮਰ ਦੇ ਬਿਲਕੁਲ ਨਾਲ ਲਾਈ ਹੋਈ ਸੀ ਤੇ ਨਾ ਕਿਸੇ ਕਿਸਮ ਦੀ ਸੇਫਟੀ ਬੈਲਟ ਲਾਈ ਹੋਈ ਸੀ, ਜਿਸ ਕਾਰਨ ਇਹ ਹਾਦਸਾ ਵਾਪਰਿਆ। ਮ੍ਰਿਤਕ ਦੇ ਪਰਵਾਰ ਵਾਲਿਆਂ ਨੇ ਕਿਹਾ ਕਿ ਜਦ ਰਾਜੂ ਜ਼ਖਮੀ ਹੋਇਆ ਤਾਂ ਉਸ ਨੂੰ ਹਸਪਤਾਲ ਲਿਜਾਣ 'ਚ ਦੇਰੀ ਹੀ ਉਸ ਦੀ ਮੌਤ ਦਾ ਕਾਰਨ ਬਣੀ ਹੈ। ਥਾਣਾ ਰਾਮਾ ਮੰਡੀ ਦੇ ਐਸ ਐਚ ਓ ਸੁਖਜੀਤ ਸਿੰਘ ਨੇ ਦੱਸਿਆ ਕਿ ਸ਼ੁਰੂ ਦੀ ਜਾਂਚ ਮੁਤਾਬਕ ਰਾਜੂ ਦੀ ਮੌਤ ਪੌੜੀ ਤੋਂ ਡਿੱਗਣ ਕਾਰਨ ਹੋਈ ਹੈ। ਉਸ ਨੂੰ ਕਰੰਟ ਜ਼ਰੂਰ ਲੱਗਾ ਸੀ, ਪਰ ਉਸ ਦੀ ਮੌਤ ਇਸ ਨਾਲ ਨਹੀਂ ਹੋਈ। ਮ੍ਰਿਤਕ ਦੇ ਪਰਵਾਰ ਦੇ ਬਿਆਨਾਂ ਤੋਂ ਬਾਅਦ ਮਾਮਲੇ 'ਚ ਅਗਲੇਰੀ ਕਾਰਵਾਈ ਕੀਤੀ ਜਾਵੇਗੀ।

## ਜੰਗਲਾਤ ਵਿਭਾਗ ਨੇ ਨਾਜਾਇਜ਼ ਕਬਜ਼ਿਆਂ ਹੇਠੋਂ 15 ਏਕੜ ਜ਼ਮੀਨ ਛੁਡਾਈ

ਮੁਕੇਰੀਆਂ, 11 ਜੂਨ (ਪੋਸਟ ਬਿਊਰੋ)- ਜੰਗਲਾਤ ਵਿਭਾਗ ਨੇ ਵਣ ਰੇਂਜ ਮੁਕੇਰੀਆਂ ਦੇ ਮਹਿਤਾ-ਬਪੁਰ ਦੇ ਜੰਗਲਾਤ ਖੇਤਰ ਤੋਂ 15 ਏਕੜ ਨਾਜਾਇਜ਼ ਕਬਜ਼ੇ ਛੁਡਾ ਕੇ ਪਲਾਂਟਟੇਸ਼ਨ ਦੀ ਕਾਰਵਾਈ ਸ਼ੁਰੂ ਕੀਤੀ ਹੈ। ਅੱਜ ਇਹ ਕਬਜ਼ਾ ਵਣ ਮੰਡਲ ਅਫਸਰ ਅਟੱਲ ਮਹਾਜਨ ਦੀ ਅਗਵਾਈ ਵਾਲੀ ਟੀਮ ਨੇ ਪੁਲਿਸ ਪ੍ਰਸ਼ਾਸਨ ਦੀ ਮਦਦ ਨਾਲ ਛੁਡਾਇਆ ਹੈ। ਇਸ ਸਬੰਧ ਵਿੱਚ ਡੀ ਐੱਫ ਓ ਅਟੱਲ ਮਹਾਜਨ ਤੇ ਰੇਂਜ ਅਫਸਰ ਦਲਜੀਤ ਕੁਮਾਰ ਨੇ ਦੱਸਿਆ ਕਿ ਮਹਿਤਾਬਪੁਰ ਦੇ ਜੰਗਲਾਂ ਵਿੱਚ ਬਹੁ ਗਿਣਤੀ ਨਾਜਾਇਜ਼ ਕਾਬਜ਼ਕਾਰਾਂ ਨੇ ਜੰਗਲਾਤ ਦੀ ਜ਼ਮੀਨ ਉੱਤੇ ਕਬਜ਼ਾ ਕੀਤਾ ਹੋਇਆ ਸੀ, ਜਿਸ ਤੋਂ ਪਿਛਲੇ ਸਮੇਂ ਅੰਦਰ ਕਰੀਬ 100 ਹੈਕਟੇਅਰ ਨਾਜਾਇਜ਼ ਕਬਜ਼ੇ ਛੁਡਾ ਕੇ ਪਲਾਂਟੇਸ਼ਨ ਕੀਤੀ ਗਈ ਸੀ। ਇੱਥੇ ਕੁਝ ਹੋਰ ਜ਼ਮੀਨ ਉੱਤੇ ਨੱਥਾ ਸਿੰਘ, ਤਾਰਾ ਮਸੀਹ ਤੇ ਐਡਵਿਨ ਮਸੀਹ ਆਦਿ ਨੇ ਨਾਜਾਇਜ਼ ਕਬਜ਼ਾ ਕਰਕੇ ਗੰਨੇ ਦੀ ਫਸਲ ਬੀਜੀ ਸੀ। ਉਨ੍ਹਾਂ ਨੂੰ ਪਹਿਲਾਂ ਚਿਤਾਵਨੀ ਦਿੱਤੀ ਸੀ ਕਿ ਉਹ ਨਾਜਾਇਜ਼ ਕਬਜੇ ਵਾਲੀ ਜ਼ਮੀਨ ਤੋਂ ਗੰਨੇ ਦੀ ਫਸਲ ਕੱਟ ਕੇ ਕਬਜ਼ਾ ਹਟਾ ਲੈਣ, ਪਰ ਉਨ੍ਹਾਂ ਨੇ ਕਬਜ਼ਾ ਨਹੀਂ ਛੱਡਿਆ, ਜਿਸ ਉੱਤੇ ਅੱਜ ਵਿਭਾਗ ਦੀ ਟੀਮ ਨੇ ਪੁਲਿਸ ਦੀ ਮਦਦ ਨਾਲ ਕਰੀਬ 15 ਏਕੜ ਕਬਜ਼ਾ ਛੁਡਾਇਆ ਹੈ।

## ਜਲੰਧਰ ਵਿੱਚ ਇਕੱਲੇ ਵਾਟਰ ਟੈਕਸ ਡਿਫਾਲਟਰਾਂ ਦੀ ਗਿਣਤੀ 50 ਹਜ਼ਾਰ



ਜਲੰਧਰ, 11 ਜੂਨ (ਪੋਸਟ ਬਿਊਰੋ)- ਪਿਛਲੇ ਕੁਝ ਸਮੇਂ ਤੋਂ ਜਲੰਧਰ ਨਗਰ ਨਿਗਮ ਆਰਥਿਕ ਤੰਗੀ 'ਚੋਂ ਲੰਘ ਰਿਹਾ ਹੈ ਤੇ ਇੱਕ ਸਮਾਂ ਅਜਿਹਾ ਆਇਆ ਸੀ ਜਦੋਂ ਨਿਗਮ ਕੋਲ ਮੁਲਾਜ਼ਮਾਂ ਨੂੰ ਤਨਖਾਹ ਦੇਣ ਲਈ ਪੈਸੇ ਨਹੀਂ ਸਨ। ਅੱਜ ਅਜਿਹੀ ਨੌਬਤ ਨਹੀਂ, ਪਰ ਪੈਸਿਆਂ ਦੀ ਤੰਗੀ ਕਾਰਨ ਸ਼ਹਿਰ ਦੇ ਕਈ ਵਿਕਾਸ ਕਾਰਜ ਠੱਪ ਹਨ ਅਤੇ ਠੇਕੇਦਾਰਾਂ ਨੇ ਕੰਮ ਲੈ ਕੇ ਅਧੂਰੇ ਛੱਡ ਰੱਖੇ ਹਨ। ਨਗਰ ਨਿਗਮ ਦੇ ਕਮਿਸ਼ਨਰ ਦੀਪਰਵ ਲਾਕੜਾ ਨੇ ਨਿਯੁਕਤੀ ਪਿੱਛੋਂ ਦੀ ਆਮਦਨ ਵਧਾਉਣ ਦੀ ਕੋਸ਼ਿਸ਼ ਕੀਤੀ ਸੀ, ਪਰ ਸਿਆਸੀ ਦਬਾਅ ਕਾਰਨ ਉਨ੍ਹਾਂ ਨੂੰ ਆਪਣੀ ਕਾਰਗੁਜ਼ਾਰੀ ਬਦਲਣੀ ਪਈ, ਜਿਸ ਕਾਰਨ ਨਿਗਮ ਦੀ ਵਸੂਲੀ ਪ੍ਰਕਿਰਿਆ ਬੇਹੱਦ ਹੌਲੀ ਹੋ ਗਈ ਹੈ। ਇਕੱਲੇ ਵਾਟਰ ਟੈਕਸ ਵਿਭਾਗ ਨੇ ਲੋਕਾਂ ਤੋਂ ਪਾਣੀ ਦੇ ਬਿੱਲਾਂ ਦੇ ਬਕਾਏ ਦੇ ਰੂਪ ਵਿੱਚ 50 ਕਰੋੜ ਰੁਪਏ ਤੋਂ ਜ਼ਿਆਦਾ ਦੀ ਰਾਸ਼ੀ ਲੈਣੀ ਹੈ।

ਪਤਾ ਲੱਗਾ ਹੈ ਕਿ ਇਸ ਸ਼ਹਿਰ ਦੇ 50 ਹਜ਼ਾਰ ਪਰਵਾਰ ਅਜਿਹੇ ਹਨ, ਜੋ ਪਾਣੀ ਦੇ ਬਿੱਲਾਂ ਦੀ ਅਦਾਇਗੀ ਨਹੀਂ ਕਰਦੇ। ਇਨ੍ਹਾਂ 'ਚੋਂ 25 ਹਜ਼ਾਰ ਪਰਵਾਰਾਂ ਨੂੰ ਨਿਗਮ ਲਗਾਤਾਰ ਬਿੱਲ ਭੇਜਦਾ ਹੈ, ਪਰ ਇਹ ਬਿੱਲ ਨਹੀਂ ਦੇਂਦੇ। ਇਸੇ ਤਰ੍ਹਾਂ 25 ਹਜ਼ਾਰ ਲੋਕਾਂ ਨੇ ਪਾਣੀ ਦੇ ਨਾਜਾਇਜ਼ ਕੁਨੈਕਸ਼ਨ ਲਾ ਰੱਖੇ ਹਨ। ਅਜਿਹੇ ਲੋਕਾਂ 'ਤੇ ਨਿਗਮ ਅਜੇ ਤੱਕ ਕਾਰਵਾਈ ਨਹੀਂ ਕਰ ਸਕਿਆ। ਇਨ੍ਹਾਂ ਲੋਕਾਂ ਨੂੰ ਨਾ ਬਿੱਲ ਜਾਂਦੇ ਹਨ ਤੇ ਨਾ ਇਨ੍ਹਾਂ ਕੋਲੋਂ ਕੋਈ ਪੁੱਛਦਾ ਹੈ। ਆਮ ਚਰਚਾ ਹੈ ਕਿ ਜੇ ਨਿਗਮ ਇਨ੍ਹਾਂ ਸਾਰਿਆਂ ਕੋਲੋਂ ਪਾਣੀ ਦੇ ਬਿੱਲਾਂ ਦੀ ਵਸੂਲੀ ਕਰਨ ਲੱਗੇ ਤਾਂ ਨਾ ਸਿਰਫ ਇਸ ਦੀ ਆਰਥਿਕ ਤੰਗੀ ਦੂਰ ਹੋ ਜਾਵੇਗੀ ਬਲਕਿ ਇਸ ਨੂੰ ਵਿਕਾਸ ਕੰਮਾਂ ਲਈ ਸਰਕਾਰ ਕੋਲ ਜਾਣ ਦੀ ਨੌਬਤ ਨਹੀਂ ਆਵੇਗੀ।

ਪਾਣੀ ਦੇ ਬਿੱਲਾਂ ਤੇ ਬਕਾਏ ਦੀ ਵਸੂਲੀ ਨੂੰ ਵਧਾਉਣ ਲਈ ਨਿਗਮ ਨੇ ਪਿਛਲੇ ਕਈ ਮਹੀਨਿਆਂ ਤੋਂ ਕੋਸ਼ਿਸ਼ ਜਾਰੀ ਰੱਖੀ ਹੋਈ ਹੈ, ਜਿਨ੍ਹਾਂ ਹੇਠ ਵੱਡੇ ਡਿਫਾਲਟਰਾਂ 'ਤੇ ਸ਼ਿਕੰਜਾ ਕੱਸਿਆ ਜਾਣ ਵਾਲਾ ਹੈ। ਵਾਟਰ ਟੈਕਸ ਦੇ ਸੁਪਰਡੈਂਟ ਮਨੀਸ਼ ਦੁੱਗਲ ਨੇ ਸਟਾਫ ਨੂੰ ਨਿਰਦੇਸ਼ ਦੇ ਰੱਖੇ ਹਨ ਕਿ ਕਮਰਸ਼ੀਅਲ ਤੇ ਵੱਡੇ ਡਿਫਾਲਟਰਾਂ ਨੂੰ ਲਗਾਤਾਰ ਨੋਟਿਸ ਭੇਜੇ ਜਾਣ ਤੇ ਉਨ੍ਹਾਂ ਕੋਲ ਬਕਾਏ ਵਸੂਲੇ ਜਾਣ। ਨਗਰ ਨਿਗਮ ਸ਼ਹਿਰ ਦੇ 50 ਹਜ਼ਾਰ ਪਰਵਾਰਾਂ ਕੋਲੋਂ ਪਾਣੀ ਦੇ ਬਿੱਲ ਨਹੀਂ ਲੈ ਸਕਿਆ, ਪਰ ਦੂਜੇ ਪਾਸੇ ਜਲੰਧਰ ਪੰਜਾਬ ਦਾ ਸ਼ਾਇਦ ਪਹਿਲਾ ਅਜਿਹਾ ਸ਼ਹਿਰ ਹੈ, ਜੋ ਪ੍ਰਤੀ ਵਿਅਕਤੀ ਸਭ ਤੋਂ ਵੱਧ ਪਾਣੀ ਦੇ ਰਿਹਾ ਹੈ। ਨਿਗਮ ਸੂਤਰਾਂ ਅਨੁਸਾਰ ਇਕੱਲੇ ਜਲੰਧਰ ਨਿਗਮ ਨੇ ਸ਼ਹਿਰ ਵਿੱਚ 525 ਤੋਂ ਵੱਧ ਟਿਊਬਵੈੱਲ ਲਾਏ ਹਨ, ਜੋ ਲਗਾਤਾਰ ਪਾਣੀ ਦੀ ਸਪਲਾਈ ਕਰ ਰਹੇ ਹਨ।

## ਪੈਟਰੋਲ ਪੰਪ ਦੇ ਪਾਰਟਨਰ ਦੀ ਪਤਨੀ ਉਤੇ ਜਾਨਲੇਵਾ ਹਮਲਾ



ਜਲੰਧਰ, 11 ਜੂਨ (ਪੋਸਟ ਬਿਊਰੋ)- ਥਾਣਾ ਡਵੀਜ਼ਨ ਨੰਬਰ ਦੋ ਦੇ ਸਾਹਮਣੇ ਕਾਂਸੀ ਰਾਮ ਪੈਟਰੋਲ ਪੰਪ ਦੇ ਹਿੱਸੇਦਾਰ ਪ੍ਰਦੀਪ ਕੁਮਾਰ ਕਾਠਪਾਲ ਦੀ ਪਤਨੀ ਕੋਮਲ ਕਾਠਪਾਲ ਨੂੰ ਬਾਈਕ ਸਵਾਰ ਨੌਜਵਾਨਾਂ ਨੇ ਅਗਵਾ ਕਰਨ ਦੀ ਕੋਸ਼ਿਸ਼ ਕੀਤੀ। ਕੋਮਲ ਨੇ ਵਿਰੋਧ ਕੀਤਾ ਤਾਂ ਹਮਲਾਵਰਾਂ ਨੇ ਉਸ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ ਅਤੇ ਸਾਰੇ ਕੱਪੜੇ ਪਾੜ ਦਿੱਤੇ। ਹਸਪਤਾਲ ਵਿੱਚ ਦਾਖਲ ਕੋਮਲ ਨੇ ਦੱਸਿਆ ਕਿ ਹਮਲਾਵਰਾਂ ਨੇ ਉਸ ਨੂੰ ਆਪਣੇ ਪਤੀ ਦੇ ਖਿਲਾਫ ਦਰਜ ਕਰਵਾਏ ਮਾਮਲੇ ਅਤੇ ਸ਼ਿਕਾਇਤਾਂ ਰੱਦ ਕਰਾਉਣ ਨੂੰ ਕਿਹਾ ਅਤੇ ਅਜਿਹਾ ਨਾ ਕਰਨ 'ਤੇ ਮਾਰ ਦੇਣ ਦੀ ਧਮਕੀ ਦਿੱਤੀ।

ਥਾਣਾ ਡਵੀਜ਼ਨ ਨੰਬਰ ਦੋ ਦੀ ਪੁਲਸ ਨੂੰ ਕੋਮਲ ਨੇ ਦੱਸਿਆ ਕਿ ਉਸ ਦਾ ਵਿਆਹ ਕਰੀਬ ਵੀਹ ਸਾਲ ਪਹਿਲਾਂ ਪ੍ਰਦੀਪ ਕੁਮਾਰ ਨਾਲ ਹੋਇਆ ਸੀ ਅਤੇ ਉਸ ਦੇ ਦੋ ਬੱਚੇ ਹਨ। ਉਸ ਨੇ ਦੋਸ਼ ਲਾਇਆ ਕਿ ਉਸ ਦੇ ਪਤੀ ਦੇ ਹੋਰਨਾਂ ਔਰਤਾਂ ਨਾਲ ਨਾਜਾਇਜ਼ ਸੰਬੰਧ ਹਨ ਤੇ ਉਹ ਵਿਰੋਧ ਕਰਦੀ ਹੈ ਤਾਂ ਉਸ ਨਾਲ ਕੁੱਟਮਾਰ ਕੀਤੀ ਜਾਂਦੀ ਹੈ। ਕੁਝ ਦਿਨ ਪਹਿਲਾਂ ਉਸ ਦੇ ਪਤੀ ਨੇ ਅਦਾਲਤ ਵਿੱਚ ਉਸ ਦੇ ਖਿਲਾਫ ਤਲਾਕ ਦਾ ਕੇਸ ਕੀਤਾ ਤੇ ਉਸ ਨੇ ਵੀ ਥਾਣੇ ਵਿੱਚ ਆਪਣੇ ਪਤੀ ਦੇ ਖਿਲਾਫ ਸ਼ਿਕਾਇਤ ਦਿੱਤੀ ਹੈ, ਪਰ ਇਸ ਦੌਰਾਨ ਉਹ ਆਪਣੇ ਸਹੁਰੇ ਘਰ ਵਿੱਚ ਰਹਿ ਰਹੀ ਸੀ। ਕੱਲ੍ਹ ਉਹ ਕਿਸੇ ਕੰਮ ਦੁਪਹਿਰ ਦੇ ਸਮੇਂ ਘਰ ਤੋਂ ਨਿਕਲੀ ਤਾਂ ਦੋ ਨੌਜਵਾਨ ਬਾਈਕ 'ਤੇ ਆਏ ਅਤੇ ਉਸ ਨੂੰ ਜਬਰੀ ਬਾਈਕ 'ਤੇ ਬਿਠਾਉਣ ਦੀ ਕੋਸ਼ਿਸ਼ ਕੀਤੀ। ਉਹ ਵਿਰੋਧ ਕਰਨ ਲੱਗੀ ਅਤੇ ਰੌਲਾ ਪਾਉਣ ਲੱਗੀ ਤਾਂ ਬਾਈਕ ਸਵਾਰ ਨੌਜਵਾਨਾਂ ਨੇ ਉਸ ਨੂੰ ਤੇਜ਼ਧਾਰ ਹਥਿਆਰਾਂ ਨਾਲ ਜ਼ਖਮੀ ਕਰ ਦਿੱਤਾ। ਉਨ੍ਹਾਂ ਦੋਸ਼ ਲਾਇਆ ਕਿ ਹਮਲਾਵਰ ਕਹਿੰਦੇ ਸਨ ਕਿ ਜੇ ਪਤੀ ਦੇ ਖਿਲਾਫ ਸ਼ਿਕਾਇਤ ਵਾਪਸ ਨਾ ਲਈ ਤਾਂ ਜਾਨ ਤੋਂ ਮਾਰ ਦੇਣਗੇ। ਲੋਕਾਂ ਦੇ ਇਕੱਠਾ ਹੋਣ 'ਤੇ ਹਮਲਾਵਰ ਭੱਜ ਗਏ। ਇਸ ਬਾਰੇ ਕਾਂਸ਼ੀ ਰਾਮ ਪੈਟਰੋਲ ਪੰਪ ਦੇ ਹਿੱਸੇਦਾਰ ਅਤੇ ਐੱਸ ਵੀ ਫੋਮ ਫੈਕਟਰੀ ਦੇ ਮਾਲਕ ਪ੍ਰਦੀਪ ਕਾਠਪਾਲ ਨੇ ਦੱਸਿਆ ਕਿ ਉਨ੍ਹਾਂ ਦੀ ਪਤਨੀ ਝੂਠੇ ਦੋਸ਼ ਲਾ ਰਹੀ ਹੈ। ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਦਾ ਪਤਨੀ ਦੇ ਨਾਲ ਅਦਾਲਤ ਵਿੱਚ ਤਲਾਕ ਦਾ ਕੇਸ ਚੱਲ ਰਿਹਾ ਹੈ ਜਿਸ ਦੇ ਕਾਰਨ ਉਨ੍ਹਾਂ ਨੂੰ ਫਸਾਇਆ ਜਾ ਰਿਹਾ ਹੈ। ਪੁਲਸ ਜਾਂਚ ਕਰੇ ਤਾਂ ਸੱਚ ਸਾਹਮਣੇ ਆ ਜਾਏਗਾ।

## ਬਾਈਕ ਸਵਾਰ ਲੁਟੇਰਿਆਂ ਨੇ ਢਾਈ ਲੱਖ ਲੁੱਟੇ

ਨਕੋਦਰ, 11 ਜੂਨ (ਪੋਸਟ ਬਿਊਰੋ)- ਨਕੋਦਰ ਵਿੱਚ ਦਿਨ ਦਿਹਾੜੇ ਬਾਈਕ ਸਵਾਰ ਦੋ ਨਕਾਬਪੋਸ਼ ਲੁਟੇਰਿਆਂ ਨੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਕੇ ਬਾਈਕ 'ਤੇ ਜਾ ਰਹੇ ਦੋ ਨੌਜਵਾਨਾਂ ਨੂੰ ਜ਼ਖਮੀ ਕਰ ਕੇ 2.50 ਲੱਖ ਰੁਪਏ ਲੁੱਟ ਲਏ। ਦੋਵੇਂ ਨੌਜਵਾਨ ਸਥਾਨਕ ਖੁਸ਼ੀ ਸਕੈਨਿੰਗ ਸੈਂਟਰ ਵਿੱਚ ਕੰਮ ਕਰਦੇ ਹਨ ਤੇ ਬੈਂਕ ਵਿੱਚ ਪੈਸੇ ਜਮ੍ਹਾ ਕਰਵਾਉਣ ਚੱਲੇ ਸਨ। ਸੂਚਨਾ ਮਿਲਦੇ ਹੀ ਸਥਾਨਕ ਤੇ ਜ਼ਿਲ੍ਹਾ ਜਲੰਧਰ ਪੁਲਸ ਦੇ ਅਫਸਰ ਪਹੁੰਚੇ ਤੇ ਜ਼ਖਮੀ ਹੋਏ ਅਭਿ ਸ਼ਰਮਾ ਪੁੱਤਰ ਹਰਿਦੱਤ ਸ਼ਰਮਾ ਵਾਸੀ ਮੁਹੱਲਾ ਗੁੱਗਾ ਥਾਈ ਨਕੋਦਰ ਨੂੰ ਸਥਾਨਕ ਪ੍ਰਾਈਵੇਟ ਹਸਪਤਾਲ ਦਾਖਲ ਕਰਾਇਆ ਗਿਆ। ਹਸਪਤਾਲ ਵਿੱਚ ਦਾਖਲ ਅਭਿ ਸ਼ਰਮਾ ਨੇ ਦੱਸਿਆ ਕਿ ਉਹ ਤੇ ਸ਼ਿਵਮ ਖੁਸ਼ੀ ਸਕੈਨਿੰਗ ਸੈਂਟਰ ਵਿੱਚ ਕੰਮ ਕਰਦੇ ਹਨ। ਸਟਾਫ ਦੇ ਤਨਖਾਹ ਲਈ ਢਾਈ ਲੱਖ ਰੁਪਏ ਬੈਂਕ ਵਿੱਚ ਜਮ੍ਹਾ ਕਰਵਾਉਣ ਬਾਈਕ 'ਤੇ ਚੱਲੇ ਸਨ। ਮੋਟਰ ਸਾਈਕਲ ਸ਼ਿਵਮ ਚਲਾ ਰਿਹਾ ਸੀ। ਜਦ ਗੁਰੂ ਤੇਗ ਬਹਾਦਰ ਨਗਰ ਤੋਂ ਲੰਘ ਰਹੇ ਸਨ ਤਾਂ ਪਿੱਛਿਉਂ ਆਏ ਬਾਈਕ ਸਵਾਰ ਨੌਜਵਾਨਾਂ ਨੇ ਸਿਰ 'ਤੇ ਅਚਾਨਕ ਵਾਰ ਕੀਤੇ ਅਤੇ ਹੱਥ ਵਿੱਚ ਫੜਿਆ ਨਕਦੀ ਵਾਲਾ ਬੈਗ ਖੋਹ ਕੇ ਲੈ ਗਏ। ਇਸ ਘਟਨਾ ਦੇ ਸੰਬੰਧ ਵਿੱਚ ਐੱਸ ਪੀ ਇਨਵੈਸਟੀਗੇਸ਼ਨ ਜਲੰਧਰ ਦਿਹਾਤੀ ਰਾਜਬੀਰ ਸਿੰਘ ਨੇ ਦੱਸਿਆ ਕਿ ਕੱਲ੍ਹ ਸਵੇਰੇ 10.42 ਮਿੰਟ 'ਤੇ ਲੁੱਟ ਦੀ ਵਾਰਦਾਤ ਹੋਈ, ਜਦ ਮੋਟਰ ਸਾਈਕਲ ਸਵਾਰ ਖੁਸ਼ੀ ਸਮੇਤ ਸਕੈਨਿੰਗ ਸੈਂਟਰ ਵਿੱਚ ਕੰਮ ਕਰਨ ਵਾਲੇ ਦੋ ਕਰਮਚਾਰੀ ਬੈਂਕ ਵਿੱਚ ਪੈਸੇ ਜਮ੍ਹਾ ਕਰਵਾਉਣ ਜਾ ਰਹੇ ਸਨ। ਇਸ ਬਾਰੇ ਕੇਸ ਦਰਜ ਕੀਤਾ ਜਾ ਰਿਹਾ ਹੈ।

A/Z Drivers Needed/ਡਰਾਈਵਰਾਂ ਦੀ ਲੋੜ



- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers No Waiting at All
- Highest Pay Rate Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- Always Home At Weekends
- Can Work From Brampton, Woodstock or London

- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"

New Drivers Are Also Welcome, We Give Paid Training With Full Time Job

For Further Information Contact: 6476253344

www.AREA REALTOR.com



RE/MAX GOLD REALTY INC. BROKERAGE

KAMAL SANDHU

Sales Representative

647.891.0143

Off: 905.456.1010



## ਉਘੇ ਨਾਟਕਕਾਰ ਅਤੇ ਅਦਾਕਾਰ ਗਿਰੀਸ਼ ਕਰਨਾਡ ਦਾ ਦੇਹਾਂਤ

ਬੰਗਲੌਰ, 11 ਜੂਨ (ਪੋਸਟ ਬਿਊਰੋ)- ਮੰਨੇ ਪ੍ਰਮੰਨੇ ਨਾਟਕਕਾਰ, ਅਦਾਕਾਰ ਅਤੇ ਗਿਆਨਪੀਠ ਪੁਰਸਕਾਰ ਜੇਤੂ ਗਿਰੀਸ਼ ਕਰਨਾਡ (81) ਦਾ ਲੰਬੀ ਬਿਮਾਰੀ ਮਗਰੋਂ ਕੱਲ੍ਹ ਸਵੇਰੇ ਦੇਹਾਂਤ ਹੋ ਗਿਆ। ਕਰੀਬ ਪੰਜ ਦਹਾਕਿਆਂ ਤੱਕ ਉਨ੍ਹਾਂ ਸਾਹਿਤ, ਥੀਏਟਰ ਅਤੇ ਸਿਨੇਮਾ 'ਚ ਆਪਣੀ ਛਾਪ ਛੱਡੀ। ਕਈ ਵਿਵਾਦਤ ਮੁੱਦਿਆਂ 'ਤੇ ਬੇਬਾਕੀ ਨਾਲ ਆਪਣੀ ਗੱਲ ਕਹਿਣ ਵਾਲੇ ਕਰਨਾਡ ਦੇ ਪਰਵਾਰ 'ਚ ਪਤਨੀ ਸਰਸਵਤੀ, ਪੁੱਤਰ ਰਘੂ ਕਰਨਾਡ (ਪੱਤਰਕਾਰ ਤੇ ਲੇਖਕ) ਤੇ ਧੀ ਰਾਧਾ ਹਨ। ਰਘੂ ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਫੇਫੜਿਆਂ ਦੀ ਬਿਮਾਰੀ ਤੋਂ ਪੀੜਤ ਸਨ ਅਤੇ ਸਵੇਰੇ ਵੇਲੇ ਨੀਂਦ 'ਚ ਦੁਨੀਆ ਤੋਂ ਚਲੇ ਗਏ। ਪਦਮਸ੍ਰੀ ਤੇ ਪਦਮ ਭੂਸ਼ਨ ਗਿਰੀਸ਼ ਕਰਨਾਡ ਮੌਜੂਦਾ ਸਮੇਂ ਦੇ ਉਘੇ ਸਾਹਿਤਕਾਰਾਂ 'ਚ ਸ਼ੁਮਾਰ ਸਨ, ਜਿਨ੍ਹਾਂ ਆਪਣੀ ਭਾਸ਼ਾ ਕੰਨੜ 'ਚ ਮੌਲਿਕ ਰਚਨਾਵਾਂ ਰਾਹੀਂ ਭਾਰਤੀ ਸਾਹਿਤ ਨੂੰ ਅਮੀਰ ਬਣਾਇਆ। ਉਨ੍ਹਾਂ ਦੇ ਨਾਟਕਾਂ 'ਯਯਾਤੀ', 'ਤੁਗਲਕ' ਅਤੇ 'ਨਾਗਮੰਡਲ' ਨੇ ਦੇਸ਼ ਵਿਦੇਸ਼ 'ਚ ਨਾਮਣਾ ਖੱਟਿਆ, ਜਿਨ੍ਹਾਂ ਦਾ ਤਰਜਮਾ ਕੰਨੜ ਤੋਂ ਅੰਗਰੇਜ਼ੀ ਅਤੇ ਹੋਰ ਭਾਰਤੀ ਭਾਸ਼ਾਵਾਂ 'ਚ ਕੀਤਾ ਗਿਆ। ਉਹ ਕੰਨੜ ਤੇ ਹਿੰਦੀ ਸਿਨਮਾ ਦਾ ਬਹੁਤ ਪਛਾਣਿਆ ਚਿਹਰਾ ਸਨ ਜਿਨ੍ਹਾਂ 'ਸੰਸਕਾਰ', 'ਨਿਸ਼ਾਂਤ', 'ਮੰਥਨ', 'ਟਾਈਗਰ ਜ਼ਿੰਦਾ ਹੈ' ਅਤੇ 'ਸ਼ਿਵਾਏ' ਵਿੱਚ ਅਦਾਕਾਰੀ ਦੇ ਜਲਵੇ ਦਿਖਾਏ ਸਨ। ਉਨ੍ਹਾਂ ਮਾਲਗੁੜੀ ਡੇਜ਼ ਵਿੱਚ ਸਵਾਮੀ ਅਤੇ ਇੰਦਰਧਨੁਸ਼ 'ਚ ਅੱਪੂ ਦੇ ਪਿਤਾ ਦੀ ਯਾਦਗਾਰ ਭੂਮਿਕਾ ਨਿਭਾਈ ਸੀ। ਉਨ੍ਹਾਂ ਦੂਰਦਰਸ਼ਨ 'ਤੇ ਮਸ਼ਹੂਰ ਸਾਇੰਸ ਪ੍ਰੋਗਰਾਮ 'ਟਰਨਿੰਗ ਪੁਆਇੰਟ' ਦੀ ਮੇਜ਼ਬਾਨੀ ਵੀ ਕੀਤੀ ਸੀ। ਉਨ੍ਹਾਂ ਦਾ ਅੰਤਮ ਸਸਕਾਰ ਕਰਨ ਵੇਲੇ ਪਰਵਾਰ ਨੇ ਕਰਨਾਡ ਦੀ ਇੱਛਾ ਦਾ ਸਤਿਕਾਰ ਕਰਦਿਆਂ ਕੋਈ ਵੀ ਧਾਰਮਿਕ ਰਸਮ ਨਹੀਂ ਕੀਤੀ ਤੇ ਸਰਕਾਰੀ ਸਨਮਾਨ ਨਾਲ ਸਸਕਾਰ ਕਰਨ ਦੇ ਐਲਾਨ ਨੂੰ ਠੁਕਰਾ ਦਿੱਤਾ। ਕਰਨਾਟਕ ਸਰਕਾਰ ਨੇ ਕੱਲ੍ਹ ਛੁੱਟੀ ਦਾ ਐਲਾਨ ਕਰਦਿਆਂ ਸੂਬੇ 'ਚ ਤਿੰਨ ਦਿਨਾਂ ਲਈ ਸੋਗ ਦਾ ਐਲਾਨ ਕੀਤਾ ਹੈ।

# ਈ ਡੀ ਨੇ ਚੌਟਾਲਾ ਪਰਿਵਾਰ ਦੀਆਂ ਦਸ ਜਾਇਦਾਦਾਂ ਦੇ ਵੇਰਵੇ ਮੰਗੇ



ਡੱਬਵਾਲੀ, 11 ਜੂਨ (ਪੋਸਟ ਬਿਊਰੋ)- ਮਨੀ ਲਾਂਡਰਿੰਗ ਕੇਸ 'ਚ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਦੀ ਸਖਤੀ ਚੌਟਾਲਾ ਪਰਿਵਾਰ ਲਈ ਮੁਸ਼ਕਿਲਾਂ ਪੈਦਾ ਕਰਨ ਲੱਗੀ ਹੈ। ਈ ਡੀ ਨੇ ਮਾਲ ਵਿਭਾਗ ਤੋਂ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ, ਉਨ੍ਹਾਂ ਦੇ ਦੋਵਾਂ ਪੁੱਤਰਾਂ ਅਜੈ ਸਿੰਘ ਚੌਟਾਲਾ ਤੇ ਅਭੈ ਸਿੰਘ ਚੌਟਾਲਾ, ਪਤਨੀ ਸਨੇਹ ਲਤਾ ਅਤੇ ਨੂੰਹ ਕਾਂਤਾ ਚੌਟਾਲਾ ਦੀਆਂ ਜਾਇਦਾਦਾਂ ਦੇ ਵੇਰਵੇ ਮੰਗੇ ਹਨ। ਉਂਜ ਈ ਡੀ ਵੱਲੋਂ ਪਹਿਲਾਂ ਹੀ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ, ਉਨ੍ਹਾਂ ਦੇ ਦੋਵੇਂ ਪੁੱਤਰਾਂ ਖਿਲਾਫ ਪੜਤਾਲ ਕੀਤੀ ਜਾ ਰਹੀ ਹੈ। ਇਸ ਸੰਬੰਧ ਵਿੱਚ ਈ ਡੀ ਦੇ ਸਹਾਇਕ ਡਾਇਰੈਕਟਰ ਨਰੇਸ਼ ਗੁਪਤਾ ਨੇ ਡੱਬਵਾਲੀ ਦੇ ਮਾਲ ਵਿਭਾਗ ਨੂੰ ਪੱਤਰ ਲਿਖ ਕੇ ਲਗਭਗ ਦਸ ਜਾਇਦਾਦਾਂ ਦੇ ਵੇਰਵੇ ਮੰਗੇ ਹਨ, ਜਿਸ ਤਹਿਤ 2004-05 ਵਿੱਚ ਉਕਤ ਜਾਇਦਾਦਾਂ ਦੀ ਖਰੀਦ ਵੇਚ ਦਾ ਰਿਕਾਰਡ ਅਤੇ ਮੌਜੂਦਾ ਕੁਲੈਕਟਰ ਰੇਟ ਵੀ ਸ਼ਾਮਲ ਹਨ। ਇਸ ਪੱਤਰ ਦੇ ਆਧਾਰ ਉਤੇ ਤਹਿਸੀਲਦਾਰ ਡੱਬਵਾਲੀ ਨੇ ਪਟਵਾਰੀਆਂ ਤੋਂ ਰਿਪੋਰਟ ਮੰਗ ਲਈ ਹੈ। ਈ ਡੀ ਵਲੋਂ ਚੌਟਾਲਾ ਪਰਵਾਰ ਦੀਆਂ ਮੰਗੀਆਂ ਜਾਇਦਾਦਾਂ ਦੇ ਵੇਰਵਿਆਂ 'ਚ ਡੱਬਵਾਲੀ ਵਿੱਚ ਚੌਟਾਲਾ ਰੋਡ ਉੱਤੇ 14 ਕਨਾਲ ਜ਼ਮੀਨ ਉੱਤੇ ਸੇਲਜ਼ ਟੈਕਸ ਵਿਭਾਗ ਦਾ ਦਫਤਰ ਹੈ। ਇਸ ਤੋਂ ਇਲਾਵਾ ਸਿਰਸਾ ਵਿੱਚ ਸੂਰਜ ਸਿਨੇਮਾ ਦੇ ਸਾਹਮਣੇ ਡੱਬਵਾਲੀ ਰੋਡ 'ਤੇ ਸ਼ਿਵਾਜੀ ਕਲੋਨੀ 'ਚ 590 ਵਰਗ ਫੁੱਟ ਦੀ ਕਮਰਸ਼ੀਅਲ ਬਿਲਡਿੰਗ, ਡੱਬਵਾਲੀ 'ਚ ਕਰਨ ਆਟੋ ਮੋਬਾਈਲ ਦੇ ਨਾਂ ਉਤੇ ਮੋਟਰ ਸਾਈਕਲ ਏਜੰਸੀ, ਸ਼ੇਰਗੜ੍ਹ ਵਿੱਚ ਛੇ ਕਨਾਲ ਚਾਰ ਮਰਲਾ ਜ਼ਮੀਨ, ਡੱਬਵਾਲੀ ਵਿੱਚ ਡੀ ਪੀ ਏ ਆਰ ਡੀ ਬੈਂਕ ਦੀ ਇਮਾਰਤ, ਤੇਜਾਖੇੜਾ ਵਿੱਚ ਤੇਜਾਖੇੜ ਫਾਰਮ ਹਾਊਸ ਅਤੇ ਪਿੰਡ ਚੌਟਾਲਾ ਵਿੱਚ ਜ਼ਮੀਨ ਤੇ ਹੋਰ ਕਈ ਥਾਵਾਂ ਦਾ ਰਿਕਾਰਡ ਮੰਗਿਆ ਗਿਆ ਹੈ। ਡੱਬਵਾਲੀ ਦੇ ਤਹਿਸੀਲਦਾਰ ਰਾਜਿੰਦਰ ਪ੍ਰਸਾਦ ਦੇ ਮੁਤਾਬਕ ਈ ਡੀ ਦੇ ਤਿੰਨ ਵੱਖ-ਵੱਖ ਪੱਤਰਾਂ ਰਾਹੀਂ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ, ਅਜੈ ਸਿੰਘ, ਅਭੈ ਸਿੰਘ, ਸਨੇਹ ਲਤਾ ਅਤੇ ਕਾਂਤਾ ਸਿੰਘ ਦੀਆਂ ਜਾਇਦਾਦਾਂ ਦਾ ਰਿਕਾਰਡ ਮੰਗਿਆ ਹੈ।

### ਕੇਰਲਾ ਹਾਈ ਕੋਰਟ ਨੇ ਕਿਹਾ

## ਸਿਰਫ ਅਸ਼ਲੀਲ ਤਸਵੀਰਾਂ ਆਪਣੇ ਕੋਲ ਰੱਖਣਾ ਕੋਈ ਜੁਰਮ ਨਹੀਂ




ਕੋਚੀ, 11 ਜੂਨ (ਪੋਸਟ ਬਿਊਰੋ)- ਕੇਰਲਾ ਹਾਈ ਕੋਰਟ ਨੇ ਆਪਣੇ ਇੱਕ ਹੁਕਮ ਵਿੱਚ ਕਿਹਾ ਹੈ ਕਿ ਸਿਰਫ ਅਸ਼ਲੀਲ ਫੋਟੋ ਰੱਖਣਾ ਔਰਤਾਂ ਵਿਰੋਧੀ ਜੁਰਮ ਦੇ ਰੋਕਥਾਮ ਕਾਨੂੰਨ ਹੇਠ ਅਪਰਾਧ ਨਹੀਂ ਹੈ।

ਅਸਲ ਵਿੱਚ ਅਦਾਲਤ ਨੇ ਇੱਕ ਵਿਅਕਤੀ ਤੇ ਇੱਕ ਔਰਤ ਵਿਰੁੱਧ ਅਪਰਾਧਕ ਕੇਸ ਨੂੰ ਰੱਦ ਕਰਦੇ ਹੋਏ ਇਹ ਟਿੱਪਣੀ ਕੀਤੀ ਹੈ। ਉਂਜ ਅਦਾਲਤ ਨੇ ਸਪੱਸ਼ਟ ਕੀਤਾ ਕਿ ਅਜਿਹੀਆਂ ਫੋਟੋ ਵੰਡਣਾ ਜਾਂ ਵੰਡ ਕਾਨੂੰਨ ਦੇ ਅਧੀਨ ਸਜ਼ਾ ਯੋਗ ਹੈ। ਜਸਟਿਸ ਰਾਜਾ ਵਿਜੇਵਰਗੀਏ ਨੇ ਪਿੱਛੇ ਜਿਹੇ ਜਾਰੀ ਹੋਏ ਇੱਕ ਆਦੇਸ਼ ਵਿੱਚ ਕਿਹਾ, ਜੇ ਕਿਸੇ ਬਾਲਗ ਆਦਮੀ ਕੋਲ ਆਪਣੀ ਕੋਈ ਤਸਵੀਰ ਹੈ, ਜੋ ਅਸ਼ਲੀਲ ਹੈ ਤਾਂ 1968 ਦੇ ਕਾਨੂੰਨ 60 ਦੇ ਪ੍ਰਬੰਧ ਉਦੋਂ ਤੱਕ ਓਥੇ ਲਾਗੂ ਨਹੀਂ ਹੋਣਗੇ, ਜਦੋਂ ਤੱਕ ਉਨ੍ਹਾਂ ਤਸਵੀਰਾਂ ਨੂੰ ਕਿਸੇ ਹੋਰ ਮੰਤਵ ਜਾਂ ਵਿਗਿਆਪਨ ਲਈ ਵੰਡਿਆ ਜਾਂ ਛਾਪਿਆ ਨਾ ਜਾਵੇ। ਹਾਈ ਕੋਰਟ ਨੇ ਉਸ ਪਟੀਸ਼ਨ 'ਤੇ ਆਪਣਾ ਫੈਸਲਾ ਦਿੱਤਾ, ਜਿਸ ਵਿੱਚ ਇੱਕ ਵਿਅਕਤੀ ਤੇ ਔਰਤ ਵਿਰੁੱਧ ਕੇਸ ਨੂੰ ਰੱਦ ਕਰਨ ਦੀ ਮੰਗ ਕੀਤੀ ਗਈ ਸੀ। ਇਹ ਕੇਸ ਕੋਲੱਮ ਵਿੱਚ ਇੱਕ ਮੈਜਿਸਟਰੇਟ ਅਦਾਲਤ 'ਚ ਪੈਂਡਿੰਗ ਸੀ ਤੇ ਮਾਮਲਾ 2008 ਵਿੱਚ ਦਰਜ ਕੀਤਾ ਗਿਆ ਸੀ। ਪੁਲਸ ਨੇ ਕੋਲੱਮ ਵਿੱਚ ਇੱਕ ਬਸ ਅੱਡੇ ਦੀ ਤਲਾਸ਼ੀ ਦੌਰਾਨ ਦੋ ਵਿਅਕਤੀਆਂ ਦੇ ਬੈਗਾਂ ਦੀ ਜਾਂਚ ਕੀਤੀ ਸੀ, ਜੋ ਇਕੱਠੇ ਸਨ। ਤਲਾਸ਼ੀ ਵਿੱਚ ਦੋ ਕੈਮਰੇ ਮਿਲੇ ਸਨ। ਜਾਂਚ ਤੋਂ ਪਤਾ ਲੱਗਾ ਕਿ ਉਨ੍ਹਾਂ ਕੋਲ ਉਨ੍ਹਾਂ ਵਿੱਚੋਂ ਇੱਕ ਦੀਆਂ ਆਪਣੀ ਅਸ਼ਲੀਲ ਫੋਟੋ ਅਤੇ ਵੀਡੀਓ ਹਨ। ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਤੇ ਕੈਮਰੇ ਜ਼ਬਤ ਕਰ ਲਏ ਸਨ।

# ਭੁੱਖਮਰੀ ਨਾਲ ਲੜਨ ਵਿਚ ਪੰਜਾਬ ਅਤੇ ਕੇਰਲਾ ਸਭ ਤੋਂ ਉਪਰ



ਨਵੀਂ ਦਿੱਲੀ, 11 ਜੂਨ (ਪੋਸਟ ਬਿਊਰੋ)- ਭਾਰਤ ਵਿਚ ਭੁੱਖਮਰੀ ਦੀ ਗੰਭੀਰ ਸਮੱਸਿਆ ਹੈ ਅਤੇ ਪਾਲਸੀ ਕਮਿਸ਼ਨ ਦੀ ਰਿਪੋਰਟ ਤੋਂ ਖ਼ੁਲਾਸਾ ਹੋਇਆ ਹੈ ਕਿ ਦੇਸ਼ ਦੇ ਕਈ ਇਲਾਕਿਆਂ ਵਿਚ ਲੋਕ ਦੋ ਡੰਗ ਦੀ ਰੋਟੀ ਨੂੰ ਤਰਸਦੇ ਹਨ। ਕਮਿਸ਼ਨ ਦੇ ਅੰਕੜੇ ਦੱਸਦੇ ਹਨ ਕਿ ਕੁਝ ਰਾਜਾਂ ਨੂੰ ਛੱਡ ਕੇ ਬਾਕੀ ਸਾਰੇ ਕੇਂਦਰੀ ਰਾਜਾਂ ਦੇ ਲੋਕ ਭੁੱਖਮਰੀ ਦਾ ਸ਼ਿਕਾਰ ਹਨ। ਪਾਲਿਸੀ ਕਮਿਸ਼ਨ ਮੁਤਾਬਿਕ ਸਿਰਫ਼ ਪੰਜ ਸੂਬੇ ਅਜਿਹੇ ਹਨ, ਜੋ ਭੁੱਖ ਦੀ ਸਮੱਸਿਆ ਉਤੇ ਚੰਗਾ ਕੰਮ ਕਰ ਰਹੇ ਹਨ। ਇਹਨਾਂ ਪੰਜ ਰਾਜਾਂ ਵਿਚ ਪੰਜਾਬ, ਕੇਰਲ, ਗੋਆ, ਮਿਜ਼ੋਰਮ ਅਤੇ ਨਾਗਾਲੈਂਡ ਸ਼ਾਮਿਲ ਹਨ। ਸਭ ਤੋਂ ਹੇਠਾਂ ਵਾਲੇ ਪੱਧਰ ਉੱਤੇ ਝਾਰਖੰਡ, ਬਿਹਾਰ, ਮੱਧ ਪ੍ਰਦੇਸ਼, ਉਤਰ ਪ੍ਰਦੇਸ਼ ਅਤੇ ਮੇਘਾਲਿਆ ਤੋਂ ਇਲਾਵਾ ਰਾਜਸਥਾਨ ਵਿਚ ਵੀ ਲੋਕ ਭੁੱਖਮਰੀ ਤੋਂ ਨਿਜ਼ਾਤ ਨਹੀਂ ਪਾ ਰਹੇ ਹਨ ਅਤੇ ਮੁਸ਼ਕਲਾਂ ਝੱਲ ਰਹੇ ਹਨ। ਇੱਕ ਅੰਗਰੇਜ਼ੀ ਅਖ਼ਬਾਰ ਦੀ ਰਿਪੋਰਟ ਦੇ ਮੁਤਾਬਕ ਭੁੱਖ ਦੀ ਸਮੱਸਿਆ ਦੇ ਨਾਲ ਲੜਨ ਵਾਸਤੇ ਜੰਮੂ-ਕਸ਼ਮੀਰ, ਹਿਮਾਚਲ ਪ੍ਰਦੇਸ਼, ਉਤਰਾਖੰਡ, ਹਰਿਆਣਾ, ਤਮਿਲਨਾਡੂ ਤੇ ਕਰਨਾਟਕ ਸਮੇਤ ਕਈ ਅਜਿਹੇ ਸੂਬੇ ਹਨ, ਜਿਨ੍ਹਾਂ ਦੀ ਸਥਿਤੀ ਠੀਕ-ਠਾਕ ਹੈ। ਭੁੱਖ ਮਰੀ ਉਤੇ ਕੰਟਰੋਲ ਨਾ ਹੋਣ ਪਿਛੇ ਸਭ ਤੋਂ ਵੱਡਾ ਕਾਰਨ ਦੇਸ਼ ਦੀ ਅਬਾਦੀ ਹੈ। ਖ਼ਬਰਾਂ ਮੁਤਾਬਿਕ ਯੂ ਐੱਨ ਓ ਨੇ ਭੁੱਖਮਰੀ ਖ਼ਤਮ ਕਰਨ ਲਈ ਸਾਲ 2030 ਤੱਕ ਦੀ ਡੈੱਡਲਾਈਨ ਤੈਅ ਕੀਤੀ ਹੈ। ਭਾਰਤ ਦੀ ਸਥਿਤੀ ਦੇਖਦੇ ਹੋਏ ਲੱਗਦਾ ਹੈ ਕਿ ਯੂ ਐਨ ਵੱਲੋਂ ਤੈਅ ਕੀਤੇ ਟੀਚੇ ਨੂੰ ਹਾਸਲ ਕਰਨਾ ਕਾਫੀ ਔਖਾ ਹੋਵੇਗਾ। ਯੂ ਐਨ ਦੇ ਅਨੁਸਾਰ ਸਾਲ 2030 ਤੱਕ ਅਨੀਮੀਆ ਨਾਲ ਪੀੜਤ ਗਰਭਵਤੀ ਔਰਤਾਂ ਲਈ ਟੀਚਾ 23.57 ਰੱਖਿਆ ਗਿਆ ਹੈ ਤੇ ਭਾਰਤ ਇਸ ਟੀਚੇ ਤੋਂ ਕਾਫੀ ਦੂਰ 50.30 ਉੱਤੇ ਹੈ। ਪੰਜ ਸਾਲ ਤੱਕ ਦੇ ਬੱਚਿਆਂ ਦੇ ਵਿਕਾਸ ਬਾਰੇ ਯੂ ਐਨ ਦੇ ਮੁਤਾਬਕ ਟੀਚਾ 21.03 ਹੈ, ਪਰ ਭਾਰਤ ਹਾਲੇ ਵੀ ਇਸ ਤੋਂ ਕਾਫੀ ਦੂਰ 38.40 ਤੱਕ ਪਹੁੰਚ ਸਕਿਆ ਹੈ।

# ਜ਼ੀਰੋ ਬੈਲੇਂਸ ਅਕਾਊਂਟਸ ਵਿੱਚ ਵੀ ਬਚਤ ਖਾਤੇ ਦੀਆਂ ਸਹੂਲਤਾਂ ਦੇ ਦੇਣ ਦਾ ਫੈਸਲਾ



ਮੁੰਬਈ, 11 ਜੂਨ (ਪੋਸਟ ਬਿਊਰੋ)- ਆਰ ਬੀ ਆਈ (ਰਿਜ਼ਰਵ ਬੈਂਕ ਆਫ ਇੰਡੀਆ) ਨੇ ਜ਼ੀਰੋ ਬੈਲੇਂਸ ਅਕਾਊਂਟਸ ਦੇ ਨਿਯਮ ਕੱਲ੍ਹ ਕੁਝ ਢਿੱਲੇ ਕਰ ਦਿੱਤੇ ਹਨ। ਇਸ ਨਾਲ ਬੈਂਕ ਅਜਿਹੇ ਖਾਤਾਧਾਰਕਾਂ ਨੂੰ ਚੈੱਕ ਬੁੱਕ ਅਤੇ ਕੁਝ ਹੋਰ ਸਹੂਲਤਾਂ ਦੇ ਸਕਣਗੇ। ਇਨ੍ਹਾਂ ਸਹੂਲਤਾਂ ਦੇ ਬਦਲੇ ਬੈਂਕ ਉਨ੍ਹਾਂ ਖਾਤਾ ਧਾਰਕਾਂ ਨੂੰ ਖਾਤੇ ਵਿੱਚ ਕੋਈ ਹੇਠਲੀ ਰਾਸ਼ੀ ਰੱਖਣ ਲਈ ਨਹੀਂ ਕਹਿ ਸਕਦੇ। ਪਹਿਲਾਂ ਜ਼ੀਰੋ ਬੈਲੇਂਸ ਅਕਾਊਂਟਸ 'ਤੇ ਹੋਰ ਸਹੂਲਤਾਂ ਦੇਣ ਨਾਲ ਉਹ ਰੈਗੂਲਰ ਸੇਵਿੰਗਸ ਖਾਤੇ ਬਣ ਜਾਂਦੇ ਸਨ ਅਤੇ ਉਨ੍ਹਾਂ ਖਾਤਿਆਂ ਵਿੱਚ ਘੱਟੋ ਘੱਟ ਰਾਸ਼ੀ ਰੱਖਣਾ ਜ਼ਰੂਰੀ ਹੁੰਦਾ ਸੀ ਅਤੇ ਟੈਕਸ ਵੀ ਲਾਗੂ ਹੁੰਦੇ ਸਨ।

ਬੇਸਿਕ ਸੇਵਿੰਗਸ ਬੈਂਕ ਡਿਪਾਜ਼ਿਟ (ਬੀ ਐੱਸ ਬੀ ਡੀ) ਅਕਾਊਂਟਸ ਦੇ ਲਈ ਆਰ ਬੀ ਆਈ ਨੇ ਨਿਯਮਾਂ ਵਿੱਚ ਢਿੱਲ ਦਿੱਤੀ ਹੈ। ਇਨ੍ਹਾਂ ਅਕਾਊਂਟਸ ਨੂੰ ਆਮ ਤੌਰ ਉੱਤੇ ਜ਼ੀਰੋ ਬੈਲੇਂਸ ਅਕਾਊਂਟਸ ਜਾਂ ਨੋ-ਫ੍ਰਿਲਸ ਅਕਾਊਂਟਸ ਵੀ ਕਿਹਾ ਜਾਂਦਾ ਹੈ। ਮਾਇਕ ਤਾਲਮੇਲ ਦੀਆਂ ਕੋਸ਼ਿਸ਼ਾਂ ਹੇਠ ਆਰ ਬੀ ਆਈ ਨੇ ਬੈਂਕਾਂ ਨੂੰ ਕਿਹਾ ਸੀ ਕਿ ਉਹ ਬੀ ਐੱਸ ਬੀ ਡੀ ਏ (ਬੈਂਕ ਬੱਚਤ ਖਾਤੇ) ਨੂੰ ਵੀ ਉਸੇ ਤਰ੍ਹਾਂ ਨਾਲ ਕੁਝ ਸਹੂਲਤਾਂ ਮੁਫਤ ਦੇਣ, ਜਿੰਦਾਂ ਦੀਆਂ ਸਹੂਲਤਾਂ ਸੇਵਿੰਗਸ ਖਾਤੇ ਵਾਸਤੇ ਦਿੱਤੀਆਂ ਜਾਂਦੀਆਂ ਹਨ। ਆਰ ਬੀ ਆਈ ਨੇ ਆਪਣੇ ਨਿਰਦੇਸ਼ ਵਿੱਚ ਕਿਹਾ ਕਿ ਬੈਂਕ ਪਹਿਲਾਂ ਦੱਸੀ ਸਹੂਲਤਾਂ ਦੇ ਬਾਅਦ ਵਾਧੂ ਮੁੱਲ ਵਾਲੀਆਂ ਸਹੂਲਤਾਂ ਦੇਣ ਲਈ ਆਜ਼ਾਦ ਹਨ। ਇਨ੍ਹਾਂ ਸਹੂਲਤਾਂ ਵਿੱਚ ਚੈੱਕ ਬੁਕ ਜਾਰੀ ਕਰਨਾ ਸ਼ਾਮਲ ਹੈ। ਇਨ੍ਹਾਂ ਤੋਂ ਟੈਕਸ ਨਹੀਂ ਲਿਆ ਜਾ ਸਕਦਾ ਅਤੇ ਇਸ ਵਿੱਚ ਕੋਈ ਵਿਤਕਰਾ ਨਹੀਂ ਹੋਣਾ ਚਾਹੀਦਾ। ਏਦਾਂ ਦੀਆਂ ਵਾਧੂ ਸਹੂਲਤਾਂ ਜੇ ਮੁਫਤ ਦਿੱਤੀਆਂ ਜਾਂਦੀਆਂ ਹਨ ਤਾਂ ਇਨ੍ਹਾਂ ਸਹੂਲਤਾਂ ਨਾਲ ਇਹ ਅਕਾਊਂਟਸ ਨਾਨ-ਬੀ ਐੱਸ ਬੀ ਡੀ ਅਕਾਊਂਟ ਨਹੀਂ ਬਣ ਸਕਣਗੇ। ਨਿਰਦੇਸ਼ ਵਿੱਚ ਕਿਹਾ ਗਿਆ ਹੈ ਕਿ ਇਨ੍ਹਾਂ ਸਹੂਲਤਾਂ ਦੇ ਬਾਅਦ ਬੈਂਕ ਆਪਣੇ ਗ੍ਰਾਹਕਾਂ 'ਤੇ ਖਾਤੇ ਵਿੱਚ ਘੱਟੋ-ਘੱਟ ਰਕਮ ਰੱਖਣ ਵਰਗੀ ਸ਼ਰਤ ਨਹੀਂ ਲਾਉਣਗੇ।

ਬੀ ਐੱਸ ਬੀ ਡੀ ਅਕਾਊਂਟਸ ਨਾਲ ਜੁੜੇ ਪਹਿਲੇ ਨਿਯਮਾਂ ਨਾਲ ਖਾਤਾਧਾਰਕਾਂ 'ਤੇ ਖਾਤੇ ਵਿੱਚ ਘੱਟੋ ਘੱਟ ਰਾਸ਼ੀ ਰਾਖਣ ਦੀ ਕੋਈ ਸ਼ਰਤ ਨਹੀਂ ਸੀ ਅਤੇ ਉਨ੍ਹਾਂ ਨੂੰ ਕੁਝ ਸਹੂਲਤਾਂ ਮੁਫਤ ਮਿਲਦੀਆਂ ਹਨ। ਇਨ੍ਹਾਂ ਵਿੱਚ ਏ ਟੀ ਐੱਮ ਵਿੱਚੋਂ ਇੱਕ ਮਹੀਨੇ ਵਿੱਚ ਚਾਰ ਵਾਰ ਨਿਕਾਸੀ, ਬੈਂਕ ਬ੍ਰਾਂਚ ਵਿੱਚ ਜਾ ਕੇ ਖਾਤੇ ਵਿੱਚ ਪੈਸੇ ਜਮ੍ਹਾ ਕਰਨਾ ਅਤੇ ਏ ਟੀ ਐਮ ਕਾਰਡ ਜਾਂ ਏ ਟੀ ਐਮ-ਸਹਿ-ਡੇਬਿਟ ਕਾਰਡ ਸ਼ਾਮਲ ਹਨ।

## ਸੁਪਰੀਮ ਕੋਰਟ ਨੇ ਪੱਤਰਕਾਰ ਪ੍ਰਸ਼ਾਂਤ ਨੂੰ ਛੱਡਣ ਦਾ ਹੁਕਮ ਦਿੱਤਾ

ਨੋਇਡਾ, 11 ਜੂਨ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਉੱਤਰ ਪ੍ਰਦੇਸ਼ ਦੇ ਪੱਤਰਕਾਰ ਪ੍ਰਸ਼ਾਂਤ ਕਨੌਜੀਆ ਨੂੰ ਤੁਰੰਤ ਛੱਡ ਦੇਣ ਦਾ ਹੁਕਮ ਦਿੱਤਾ ਹੈ। ਅੱਜ ਇਸ ਮਾਮਲੇ ਦੀ ਸੁਣਵਾਈ ਕਰਦੇ ਹੋਏ ਸੁਪਰੀਮ ਕੋਰਟ ਨੇ ਕਿਹਾ ਕਿ 'ਕਿਸੇ ਦੇ ਵਿਚਾਰ ਵੱਖਰੇ ਹੋ ਸਕਦੇ ਹਨ, ਉਨ੍ਹਾਂ ਨੇ (ਪ੍ਰਸ਼ਾਂਤ) ਸ਼ਾਇਦ ਉਹ ਟਵੀਟ ਨਾ ਕੀਤਾ ਹੋਵੇ ਜਾਂ ਕੀਤਾ ਵੀ ਹੋਵੇ, ਪਰ ਇਹ ਗ੍ਰਿਫ਼ਤਾਰੀ ਕਿਸ ਆਧਾਰ ਉੱਤੇ ਕੀਤੀ ਗਈ ਹੈ?' ਅਦਾਲਤ ਨੇ ਇਹ ਵੀ ਕਿਹਾ ਕਿ ਕਿਸੇ ਵੀ ਨਾਗਰਿਕ ਦੇ ਅਧਿਕਾਰਾਂ ਦੀ ਉਲੰਘਣਾ ਨਹੀਂ ਕੀਤੀ ਜਾ ਸਕਦੀ। ਉਸ ਨੂੰ ਇਹ ਸੰਵਿਧਾਨ ਤੋਂ ਮਿਲੇ ਹਨ ਅਤੇ ਉਨ੍ਹਾਂ ਨੂੰ ਬਚਾਈ ਰੱਖਣਾ ਜ਼ਰੂਰੀ ਹੈ। ਅਦਾਲਤ ਨੇ ਪ੍ਰਸ਼ਾਂਤ ਖ਼ਿਲਾਫ਼ ਦਰਜ ਕੇਸ ਸਬੰਧੀ ਵੀ ਸਵਾਲ ਚੁੱਕੇ ਹਨ। ਅਸਲ ਵਿੱਚ ਪ੍ਰਸ਼ਾਂਤ ਨੂੰ ਸੋਸ਼ਲ ਮੀਡੀਆ ਵਿੱਚ ਯੋਗੀ ਆਦਿਤਿਆਨਾਥ ਨਾਲ ਜੁੜਿਆ ਇੱਕ ਇਤਰਾਜ਼ ਯੋਗ ਵੀਡੀਓ ਸ਼ੇਅਰ ਕਰਨ ਲਈ ਗ੍ਰਿਫ਼ਤਾਰ ਕੀਤਾ ਗਿਆ ਸੀ।

# ਪ੍ਰਫੁੱਲ ਪਟੇਲ ਤੋਂ ਈ ਡੀ ਵੱਲੋਂ ਅੱਠ ਘੰਟੇ ਲੰਮੀ ਪੁੱਛਗਿੱਛ

ਨਵੀਂ ਦਿੱਲੀ, 11 ਜੂਨ (ਪੋਸਟ ਬਿਊਰੋ)- ਸ਼ਰਦ ਪਵਾਰ ਵਾਲੀ ਐਨ ਸੀ ਪੀ ਪਾਰਟੀ ਦੇ ਨੇਤਾ ਅਤੇ ਸਾਬਕਾ ਸ਼ਹਿਰੀ ਹਵਾਬਾਜ਼ੀ ਮੰਤਰੀ ਪ੍ਰਫੁੱਲ ਪਟੇਲ ਕੱਲ੍ਹ ਈ ਡੀ (ਇਨਫੋਰਸਮੈਂਟ ਡਾਇਰੈਕਟੋਰੇਟ) ਦੇ ਸਾਹਮਣੇ ਪੇਸ਼ ਹੋਏ ਤੇ ਕਰੀਬ ਅੱਠ ਘੰਟੇ ਤੱਕ ਜਹਾਜ਼ ਘੁਟਾਲੇ ਨਾਲ ਸਬੰਧਤ ਜਾਂਚ ਅਧਿਕਾਰੀਆਂ ਦੇ ਸਵਾਲਾਂ ਦੇ ਜਵਾਬ ਦਿੱਤੇ।

ਈ ਡੀ ਅਧਿਕਾਰੀਆਂ ਮੁਤਾਬਕ ਪ੍ਰਫੁੱਲ ਪਟੇਲ ਸਵੇਰ ਕਰੀਬ 10.30 ਵਜੇ ਈ ਡੀ ਦੇ ਦਫਤਰ ਵਿੱਚ ਦਾਖਲ ਹੋਏ ਤੇ ਪ੍ਰਿਵੈਂਸ਼ਨ ਆਫ ਮਨੀ ਲਾਂਡਰਿੰਗ ਐਕਟ (ਪੀ ਐਮ ਐਲ ਏ) ਬਾਰੇ ਪੁੱਛੇ ਵੱਖ-ਵੱਖ ਸਵਾਲਾਂ 'ਤੇ ਆਪਣੇ ਜਵਾਬ ਦਰਜ ਕਰਵਾਏ। ਪ੍ਰਫੁਲ ਪਟੇਲ ਨੂੰ ਈ ਡੀ ਨੇ ਸ਼ੁੱਕਰਵਾਰ ਨੂੰ ਬੁਲਾਇਆ ਸੀ, ਪਰ ਉਸ ਦਿਨ ਉਹ ਨਹੀਂ ਆ ਸਕੇ ਸਨ। ਈ ਡੀ ਪ੍ਰਫੁੱਲ ਪਟੇਲ ਦੇ ਖਿਲਾਫ ਉਸ ਅਪਰਾਧਿਕ ਸ਼ਿਕਾਇਤ ਦੀ ਜਾਂਚ ਕਰ ਰਾਹੀ ਹੈ, ਜਿਸ 'ਚ ਦੋਸ਼ ਲੱਗਿਆ ਹੈ ਕਿ ਹਵਾਬਾਜ਼ੀ ਮੰਤਰੀ ਰਹਿੰਦਿਆਂ ਉਨ੍ਹਾਂ ਹਵਾਬਾਜ਼ੀ ਲਾਬਿ-ਸਟ ਦੀਪਕ ਤਲਵਾੜ ਨਾਲ ਮਿਲ ਕੇ ਵਿਦੇਸ਼ੀ ਏਅਰਲਾਈਨਾਂ ਨੂੰ ਮਨ-ਚਾਹੇ ਤਰੀਕੇ ਨਾਲ ਰੂਟ ਹਾਸਲ ਕਰਵਾਏ, ਜਿਸ ਨਾਲ ਏਅਰ ਇੰਡੀਆ ਨੂੰ ਭਾਰੀ ਨੁਕਸਾਨ ਹੋਇਆ ਸੀ। ਇਸ ਮਾਮਲੇ ਵਿੱਚ ਦੀਪਕ ਤਲਵਾੜ ਨੂੰ ਪਹਿਲਾਂ ਗ੍ਰਿਫਤਾਰ ਕੀਤਾ ਜਾ ਚੁੱਕਿਆ ਹੈ। ਪੁੱਛਗਿੱਛ 'ਚ ਉਸ ਨੇ ਪਟੇਲ ਨਾਲ ਆਪਣੇ ਸੰਪਰਕ ਮੰਨੇ ਹਨ। ਤਲਵਾੜ ਦੇ ਖਿਲਾਫ ਦਾਖਲ ਦੋਸ਼ ਪੱਤਰ 'ਚ ਈ ਡੀ ਨੇ ਪਟੇਲ ਦਾ ਜ਼ਿਕਰ ਅਜਿਹੇ ਵਿਅਕਤੀ ਦੇ ਤੌਰ 'ਤੇ ਕੀਤਾ ਹੈ, ਜਿਸ ਦੀ ਤਲਵਾੜ ਨਾਲ ਚੰਗੀ ਜਾਣ ਪਛਾਣ ਸੀ। ਇਸ ਵਿੱਚ ਈ ਡੀ ਨੇ ਤਲਵਾੜ 'ਤੇ ਦੋਸ਼ ਲਗਾਇਆ ਹੈ ਕਿ ਉਸ ਨੇ ਹੀ ਪਟੇਲ ਨੂੰ ਅਮੀਰੇਟਸ ਤੇ ਏਅਰ ਅਰੇਬੀਆ ਵੱਲੋਂ ਗੱਲਬਾਤ ਲਈ ਵੱਖ-ਵੱਖ ਨਾਂ ਪਤੇ ਮੁਹੱਈਆ ਕਰਵਾਏ ਸਨ।

# ਕਾਂਗਰਸ ਵੱਲੋਂ ਭਾਜਪਾ ਉਤੇ ਅਰਾਵਲੀ ਦੇ ਹਜ਼ਾਰਾਂ ਏਕੜ ਪਹਾੜ ਘੋਟਾਲੇ ਦਾ ਦੋਸ਼



ਫਰੀਦਾਬਾਦ, 11 ਜੂਨ (ਪੋਸਟ ਬਿਊਰੋ)- ਕਾਂਗਰਸ ਦੇ ਹਰਿਆਣਾ ਦੇ ਪ੍ਰਧਾਨ ਨੇ ਭਾਜਪਾ ਉੱਤੇ ਫਰੀਦਾਬਾਦ ਵਿੱਚਲੀਆਂ ਅਰਾਵਲੀ ਪਹਾੜੀਆਂ ਦੇ ਖੇਤਰ ਵਿੱਚ ਹਜ਼ਾਰਾਂ ਏਕੜ ਦੇ ਪਹਾੜ ਘੋਟਾਲੇ ਦਾ ਦੋਸ਼ ਲਾਇਆ ਹੈ। ਹਰਿਆਣਾ ਦੇ ਕਾਂਗਰਸ ਪ੍ਰਧਾਨ ਡਾ. ਅਸ਼ੋਕ ਤੰਵਰ ਨੇ ਫਰੀਦਾਬਾਦ ਦੇ ਅਰਾਵਲੀ ਦਾ ਦੌਰਾ ਵੀ ਕੀਤਾ ਹੈ।

ਤੰਵਰ ਕਾਂਗਰਸ ਦੇ ਪ੍ਰਦੇਸ਼ ਬੁਲਾਰੇ ਵਿਕਾਸ ਚੌਧਰੀ ਤੇ ਟੋਹਾਣਾ ਵਿਧਾਨ ਸਭਾ ਖੇਤਰ ਤੋਂ ਪਾਰਟੀ ਉਮੀਦਵਾਰ ਰਹੇ ਦਵਿੰਦਰ ਬਬਲੀ ਸਮੇਤ ਹੋਰ ਪਾਰਟੀ ਵਰਕਰਾਂ ਦੇ ਨਾਲ ਫਰੀਦਾਬਾਦ ਗੁਰੂਗ੍ਰਾਮ ਰੋਡ 'ਤੇ ਕੋਟਗਾਂਵ ਦੇ ਕੋਲ ਅਰਾਵਲੀ ਪਹਾੜੀ 'ਤੇ ਪਹੁੰਚੇ ਜਿਥੇ ਉਨ੍ਹਾਂ ਨੇ ਜੰਗਲ ਵਿਚ ਜਾ ਕੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਖੁੱਲ੍ਹ ਕੇ ਦੋਸ਼ ਲਾਏ ਕਿ ਇਹ ਉਹੀ ਪਹਾੜੀ ਜ਼ਮੀਨ ਹੈ, ਜਿਸ ਨੂੰ ਅਧਿਕਾਰੀਆਂ ਅਤੇ ਨੇਤਾਵਾਂ ਦੀ ਮਿਲੀਭੁਗਤ ਦੇ ਕਾਰਨ ਬਾਬਾ ਰਾਮਦੇਵ ਨੇ ਕੌਡੀਆਂ ਦੇ ਭਾਅ ਖਰੀਦਿਆ ਹੈ। ਤੰਵਰ ਨੇ ਸਿੱਧੇ-ਸਿੱਧੇ ਬਾਬਾ ਰਾਮਦੇਵ ਅਤੇ ਪਤੰਜਲੀ ਦੇ ਕਰਤਾ ਧਰਤਾ ਆਚਾਰੀਆ ਬਾਲਕ੍ਰਿਸ਼ਨ ਆਰੀਆ 'ਤੇ ਦੋਸ਼ ਲਾਉਂਦੇ ਹੋਏ ਕਿਹਾ ਕਿ ਪਹਾੜ 'ਤੇ ਹਜ਼ਾਰਾਂ ਏਕੜ ਜ਼ਮੀਨ ਪੰਜ ਲੱਖ ਰੁਪਏ ਏਕੜ ਵਿੱਚ ਖਰੀਦੀ ਹੋਈ ਹੈ, ਜਦ ਕਿ ਇਸ ਦੇ ਬਿਲਕੁਲ ਕੋਲ ਗੁਰੂਗ੍ਰਾਮ ਵਿੱਚ ਜ਼ਮੀਨ ਦਾ ਭਾਅ ਕਰੀਬ 10 ਕਰੋੜ ਰੁਪਏ ਏਕੜ ਹੈ। ਉਨ੍ਹਾਂ ਕਿਹਾ ਕਿ ਅਧਿਕਾਰੀ ਤੇ ਸੱਤਾ ਵਿੱਚ ਬੈਠੇ ਰਾਜਨੇਤਾਵਾਂ ਦੀ ਮਿਲੀਭੁਗਤ ਨਾਲ ਸ਼ਾਮਲਾਤ ਤੇ ਜੰਗਲਾਤ ਦੀ ਹਜ਼ਾਰਾਂ ਏਕੜ ਪਹਾੜੀ ਜ਼ਮੀਨ ਬਾਬਾ ਰਾਮਦੇਵ ਨੇ ਵੱਖ-ਵੱਖ ਨਾਵਾਂ ਨਾਲ ਕੌਡੀਆਂ ਦੇ ਭਾਅ ਖਰੀਦੀ ਹੈ, ਜਿਸ ਨਾਲ ਭਾਜਪਾ ਸਰਕਾਰ ਨੇ ਬਾਬਾ ਰਾਮਦੇਵ ਦੇ ਨਾਲ ਮਿਲ ਕੇ ਹਜ਼ਾਰਾਂ ਕਰੋੜ ਰੁਪਏ ਦਾ ਵੱਡਾ ਘੋਟਾਲਾ ਕੀਤਾ ਹੈ, ਇਸ ਕਾਰਨ ਹਰਿਆਣਾ ਵਿਧਾਨ ਸਭਾ ਵਿੱਚ ਪੀ ਐਲ ਪੀ ਏ ਐਕਟ ਖਤਮ ਕਰਨ ਦੀ ਵੀ ਕੋਸ਼ਿਸ਼ ਕੀਤੀ ਗਈ ਸੀ।

## ਮਮਤਾ ਬੈਨਰਜੀ ਨੇ ਵਿਦਿਆਸਾਗਰ ਦੀ ਨਵੀਂ ਮੂਰਤੀ ਬਣਵਾ ਕੇ ਲਵਾਈ

ਕੋਲਕਾਤਾ, 11 ਜੂਨ (ਪੋਸਟ ਬਿਊਰੋ)- ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਮੰਗਲਵਾਰ ਨੂੰ ਮੁੜ ਮੂਰਤੀ ਰਾਜਨੀਤੀ ਨੂੰ ਹਵਾ ਦਿੱਤੀ ਹੈ। ਉਸ ਨੇ ਚੋਣਾਂ ਦੌਰਾਨ ਹੋਈ ਹਿੰਸਾ ਵਿੱਚ ਈਸ਼ਵਰ ਚੰਦਰ ਵਿਦਿਆਸਾਗਰ ਦੀ ਤੋੜੀ ਗਈ ਮੂਰਤੀ ਬਣਵਾਈ ਅਤੇ ਉਸ ਨੂੰ ਉਸੇ ਜਗ੍ਹਾ ਸਥਾਪਿਤ ਕੀਤਾ ਗਿਆ ਹੈ, ਜਿੱਥੇ ਪੁਰਾਣੀ ਮੂਰਤੀ ਸੀ। ਇਸ ਤੋਂ ਪਹਿਲਾਂ ਮਮਤਾ ਬੈਨਰਜੀ ਨੇ ਇਸ ਮੂਰਤੀ ਉਤੇ ਫੁੱਲ ਚੜ੍ਹਾਏ ਅਤੇ ਉਸ ਤੋਂ ਬਾਅਦ ਉਹ ਪੈਦਲ ਮਾਰਚ ਕਰਦੇ ਹੋਏ ਕਾਲਜ ਤਕ ਗਈ, ਜਿੱਥੇ ਉਨ੍ਹਾਂ ਨੇ ਇਸ ਮੂਰਤੀ ਨੂੰ ਸਥਾਪਤ ਕੀਤਾ। ਇਹ ਮਾਰਚ ਕੋਲਕਾਤਾ ਵਿਚਲੇ ਕਾਲਜ ਸਟ੍ਰੀਟ ਦੇ ਸਕੂਲ ਗਰਾਊਂਡ ਤੋਂ ਸ਼ੁਰੂ ਹੋਇਆ ਸੀ। ਵਰਨਣ ਯੋਗ ਹੈ ਕਿ ਚੋਣਾਂ ਵਿੱਚ ਮੂਰਤੀ ਤੋੜੇ ਜਾਣ ਤੋਂ ਬਾਅਦ ਇਸ ਉੱਤੇ ਵੱਡਾ ਹੰਗਾਮਾ ਹੋਇਆ ਸੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਕਿਹਾ ਸੀ ਕਿ ਜਿਸ ਥਾਂ ਪੁਰਾਣੀ ਮੂਰਤੀ ਸੀ, ਓਥੇ ਉਨ੍ਹਾਂ ਦੀ ਸਰਕਾਰ ਪੰਜ ਧਾਤਾਂ ਦੀ ਮੂਰਤੀ ਲਾਏਗੀ।

NEED A LAWYER ??
Red Seal NOTARY
KAUR LAW OFFICE

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

MANJEET KAUR
LL.B., (London UK)
Barrister, Solicitor & Notary Public

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

UPPAL LAW
FREE CONSULTATION !
Avtar Uppal
Manager
Aman Uppal
BARRISTER, SOLICITOR

IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)

OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)

Prices are subject to Taxes, do not include Government fees and service by appointment only.
Offer valid until 9/30/201

Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6



# ਸਾਂਡਰਸ ਕਤਲ ਕੇਸ ਵਿੱਚ ਸ਼ਹੀਦ ਭਗਤ ਸਿੰਘ ਦਾ ਨਾਂ ਦਰਜ ਨਹੀਂ



ਲਾਹੌਰ, 11 ਜੂਨ (ਪੋਸਟ ਬਿਊਰੋ)- ਸ਼ਹੀਦ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਨੂੰ ਜਿਸ ਸਾਂਡਰਸ ਕਤਲ ਕੇਸ ਵਿੱਚ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ, ਉਸ ਦੀ ਐਫ ਆਈ ਆਰ 'ਚ ਉਨ੍ਹਾਂ ਦਾ ਨਾਂ ਹੀ ਨਹੀਂ ਸੀ। ਇਸ ਵਿੱਚ ਤਾਂ ਸਾਂਡਰਸ ਦੇ ਕਾਤਲ ਬੇਪਛਾਣ ਬੰਦੂਕਧਾਰੀ ਦੱਸੇ ਗਏ ਸਨ। ਇਹ ਖੁਲਾਸਾ ਲਾਹੌਰ ਦੀ ਸਥਾਨਕ ਅਦਾਲਤ ਵੱਲੋਂ ਦਿੱਤੇ ਹੁਕਮ ਮਗਰੋਂ ਪੁਲਸ ਵੱਲੋਂ ਸੌਂਪੀ ਗਈ ਐਫ ਆਈ ਆਰ ਤੋਂ ਹੋਇਆ ਹੈ।

ਇਸ ਕੇਸ ਨੂੰ ਦੋਬਾਰਾ ਖੋਲ੍ਹਣ ਲਈ ਲਾਹੌਰ ਹਾਈ ਕੋਰਟ ਨੇ ਕੇਸ ਸੁਪਰੀਮ ਕੋਰਟ ਦੇ ਹਵਾਲੇ ਕੀਤਾ ਹੈ। ਲਾਹੌਰ ਦੇ ਵਕੀਲ ਅਤੇ ਭਗਤ ਸਿੰਘ ਮੈਮੋਰੀਅਲ ਫਾਊਂਡੇਸ਼ਨ ਦੇ ਚੇਅਰਮੈਨ ਇਮਤਿਆਜ਼ ਰਸ਼ੀਦ ਕੁਰੈਸ਼ੀ ਨੇ ਇਕ ਪਟੀਸ਼ਨ ਦਾਖਲ ਕਰਕੇ ਉਸ ਐਫ ਆਈ ਆਰ ਦੀ ਕਾਪੀ ਮੰਗੀ ਸੀ, ਜਿਸ ਹੇਠ 1931 'ਚ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਅੰਗਰੇਜ਼ ਸਰਕਾਰ ਨੇ ਲਾਹੌਰ ਦੇ ਸ਼ਾਦਮਾਨ ਚੌਕ 'ਚ ਫਾਂਸੀ ਦੇ ਦਿੱਤੀ ਸੀ। ਅਦਾਲਤ ਦੇ ਹੁਕਮਾਂ ਉਤੇ ਲਾਹੌਰ ਪੁਲਸ ਨੇ ਅਨਾਰਕਲੀ ਪੁਲਸ ਸਟੇਸ਼ਨ ਦੇ ਰਿਕਾਰਡ ਦੀ ਜਾਂਚ ਕੀਤੀ ਤਾਂ ਸਾਂਡਰਸ ਕਤਲ ਕੇਸ ਦੀ ਐਫ ਆਈ ਆਰ ਲੱਭ ਗਈ। ਲਾਹੌਰ ਪੁਲਸ ਦੀ ਲੀਗਲ ਬਰਾਂਚ ਦੇ ਇਕ ਇੰਸਪੈਕਟਰ ਨੇ ਬੀਤੇ ਦਿਨੀਂ ਇਸ ਦੀ ਕਾਪੀ ਇੱਕ ਸੀਲਬੰਦ ਲਿਫਾਫੇ ਵਿੱਚ ਐਡੀਸ਼ਨਲ ਜ਼ਿਲਾ ਤੇ ਸੈਸ਼ਨ ਜੱਜ ਤਾਰਿਕ ਮਹਿਮੂਦ ਜ਼ਰਗਾਮ ਨੂੰ ਸੌਂਪ ਦਿੱਤੀ। ਅਦਾਲਤ ਨੇ ਇਸ ਦੀ ਨਕਲ ਕੁਰੈਸ਼ੀ ਨੂੰ ਦੇ ਦਿੱਤੀ ਹੈ। ਕੁਰੈਸ਼ੀ ਨੇ ਕਿਹਾ ਕਿ ਭਗਤ ਸਿੰਘ ਕੇਸ ਦੀ ਸੁਣਵਾਈ ਕਰਨ ਵਾਲੇ ਸਪੈਸ਼ਲ ਜੱਜਾਂ ਦੇ ਟ੍ਰਿਬਿਊਨਲ ਨੇ 450 ਗਵਾਹਾਂ ਨੂੰ ਸੁਣੇ ਬਗੈਰ ਉਨ੍ਹਾਂ ਨੂੰ ਮੌਤ ਦੀ ਸਜ਼ਾ ਸੁਣਾ ਦਿੱਤੀ। ਭਗਤ ਸਿੰਘ ਦੇ ਵਕੀਲਾਂ ਨੂੰ ਕਰਾਸ ਸਵਾਲ ਕਰਨ ਦੀ ਵੀ ਇਜਾਜ਼ਤ ਨਹੀਂ ਦਿੱਤੀ ਗਈ।ਉਨ੍ਹਾਂ ਕਿਹਾ ਕਿ ਉਹ ਸਾਂਡਰਸ ਕੇਸ 'ਚ ਭਗਤ ਸਿੰਘ ਨੂੰ ਬੇਕਸੂਰ ਸਾਬਤ ਕਰਨਾ ਚਾਹੁੰਦੇ ਹਨ। ਉਨ੍ਹਾਂ ਨੇ ਕੇਸ ਫਿਰ ਤੋਂ ਖੋਲ੍ਹਣ ਲਈ ਪਟੀਸ਼ਨ ਪਾਈ ਸੀ, ਜਿਸ ਤੋਂ ਬਾਅਦ ਲਾਹੌਰ ਹਾਈ ਕੋਰਟ ਨੇ ਇਹ ਕੇਸ ਚੀਫ ਜਸਟਿਸ ਨੂੰ ਰੈਫਰ ਕਰ ਦਿੱਤਾ ਹੈ।

# ਪਾਕਿਸਤਾਨ ਨੇ ਮੋਦੀ ਦੇ ਜਹਾਜ਼ ਨੂੰ ਆਪਣੇ ਹਵਾਈ ਰੂਟ ਤੋਂ ਲਾਂਘੇ ਦੀ ਖੁੱਲ੍ਹ ਦਿੱਤੀ



ਲਾਹੌਰ, 11 ਜੂਨ (ਪੋਸਟ ਬਿਊਰੋ)- ਸ਼ੰਘਾਈ ਸਹਿਯੋਗ ਸੰਗਠਨ (ਐੱਸ ਸ ਓ) ਦੀ ਬੈਠਕ ਵਿੱਚ ਕਿਰਗਿਸਤਾਨ ਜਾਣ ਲਈ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਜਹਾਜ਼ ਨੂੰ ਪਾਕਿ-ਸਤਾਨ ਆਪਣੇ ਹਵਾਈ ਖੇਤਰ ਤੋਂ ਲਾਂਘੇ ਦੀ ਮਨਜ਼ੂਰੀ ਦੇਣਾ ਮੰਨ ਗਿਆ ਹੈ। ਬੈਠਕ 13-14 ਜੂਨ ਨੂੰ ਹੋਣੀ ਹੈ, ਜਿੱਥੇ ਪਾਕਿ ਪ੍ਰਧਾਨ ਮੰਤਰੀ ਇਮਰਾਨ ਖਾਨ ਵੀ ਹੋਣਗੇ।

ਬਾਲਾਕੋਟ ਵਿੱਚ 26 ਫਰਵਰੀ ਨੂੰ ਜੈਸ਼-ਏ-ਮੁਹੰਮਦ ਦੇ ਅੱਤਵਾਦੀ ਅੱਡਿਆਂ ਉਤੇ ਭਾਰਤ ਦੀ ਹਵਾਈ ਫੌਜ ਦੀ ਏਅਰ ਸਟ੍ਰਾਈਕ ਪਿੱਛੋਂ ਪਾਕਿ-ਸਤਾਨ ਨੇ ਆਪਣੇ 11 ਹਵਾਈ ਰੂਟਾਂ ਤੋਂ ਦੱਖਣੀ ਖੇਤਰ ਵਾਲੇ ਸਿਰਫ ਦੋ ਹਵਾਈ ਰੂਟ ਖੋਲ੍ਹੇ ਹਨ। ਭਾਰਤ ਨੇ ਪਾਕਿਸਤਾਨ ਨੂੰ ਬੇਨਤੀ ਕੀਤੀ ਸੀ ਕਿ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਜਹਾਜ਼ ਨੂੰ ਕਿਰਗਿਸਤਾਨ ਦੀ ਰਾਜਧਾਨੀ ਬਿਸ਼ਕੇਕ ਜਾਣ ਲਈ ਆਪਣੇ ਹਵਾਈ ਖੇਤਰ ਤੋਂ ਲੰਘਣ ਦੀ ਮਨਜ਼ੂਰੀ ਦੇਣ। ਪਾਕਿਸਤਾਨ ਸਰਕਾਰ ਦੇ ਇਸ ਫੈਸਲੇ ਦੀ ਪੁਸ਼ਟੀ ਕਰਦਿਆਂ ਇਕ ਅਧਿਕਾਰੀ ਨੇ ਕਿਹਾ ਹੈ ਕਿ ਰਸਮੀ ਕਾਰਵਾਈ ਪੂਰੀ ਹੋਣ ਤੋਂ ਬਾਅਦ ਭਾਰਤ ਸਰਕਾਰ ਨੂੰ ਇਸ ਬਾਰੇ ਦੱਸ ਦਿੱਤਾ ਜਾਵੇਗਾ। ਇਸ ਪਿੱਛੋਂ ਸਿਵਲ ਹਵਾਈ ਅਥਾਰਿਟੀ ਨੂੰ ਨਿਰਦੇਸ਼ ਦਿੱਤੇ ਜਾਣਗੇ। ਅਧਿਕਾਰੀ ਨੇ ਕਿਹਾ ਹੈ ਕਿ ਐੱਸ ਸੀ ਓ ਬੈਠਕ ਤੋਂ ਇਲਾਵਾ ਹੋਰ ਕੋਈ ਬੈਠਕ ਓਥੇ ਨਹੀਂ ਹੋਣੀ, ਫਿਰ ਵੀ ਪਾਕਿਸਤਾਨ ਨੇ ਆਸ ਰੱਖੀ ਹੈ ਕਿ ਭਾਰਤ ਉਸ ਦੇ ਸ਼ਾਂਤੀ ਪ੍ਰਸਤਾਵ ਦਾ ਸਕਰਾਤਮਕ ਜਵਾਬ ਦੇਵੇਗਾ।

# ਪੀ ਐੱਮ ਐੱਲ-ਐਨ ਦੇ ਉਪ ਪ੍ਰਧਾਨ ਹਮਜ਼ਾ ਸ਼ਹਿਬਾਜ਼ ਨੂੰ ਐੱਨ ਏ ਬੀ ਨੇ ਗ੍ਰਿਫਤਾਰ ਕੀਤਾ



ਲਾਹੌਰ, 11 ਜੂਨ (ਪੋਸਟ ਬਿਊਰੋ)- ਪਾਕਿਸਤਾਨ ਦੀ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਹਮਜ਼ਾ ਸ਼ਹਿਬਾਜ਼ ਨੂੰ ਭ੍ਰਿਸ਼ਟਾਚਾਰ ਰੋਕੂ ਸੰਸਥਾ ਕੌਮੀ ਜਵਾਬਦੇਹੀ ਬਿਊਰੋ (ਐੱਨ ਏ ਬੀ) ਦੇ ਅਫਸਰਾਂ ਨੇ ਮੰਗਲਵਾਰ ਨੂੰ ਮਨੀ ਲਾਂਡਰਿੰਗ ਤੇ ਆਮਦਨ ਤੋਂ ਵੱਧ ਜਾਇਦਾਦ ਨਾਲ ਜੁੜੇ ਕੇਸਾਂ ਵਿਚ ਲਾਹੌਰ ਹਾਈ ਕੋਰਟ ਕੰਪਲੈਕਸ ਤੋਂ ਗ੍ਰਿਫਤਾਰ ਕੀਤਾ ਹੈ। ਇਸ ਬਾਰੇ ਮੀਡੀਆ ਦੀਆਂ ਖਬਰਾਂ ਵਿਚ ਇਹ ਜਾਣਕਾਰੀ ਦਿੱਤੀ ਗਈ ਹੈ। ਗ੍ਰਿਫਤਾਰੀ ਉਦੋਂ ਹੋਈ, ਜਦੋਂ ਲਾਹੌਰ ਹਾਈ ਕੋਰਟ ਦੀ ਦੋ ਮੈਂਬਰੀ ਬੈਂਚ ਨੇ ਹਮਜ਼ਾ ਦੀਆਂ ਜ਼ਮਾਨਤ ਅਰਜ਼ੀਆਂ ਰੱਦ ਕਰ ਦਿੱਤੀਆਂ।

ਹਮਜ਼ਾ ਦੇ ਵਕੀਲ ਨੇ ਭ੍ਰਿਸ਼ਟਾਚਾਰ ਦੇ ਦੋ ਕੇਸਾਂ ਵਿਚ ਅਰਜ਼ੀਆਂ ਵਾਪਸ ਲੈ ਲਈਆਂ ਤਾਂ ਅਦਾਲਤ ਨੇ ਉਨ੍ਹਾਂ ਨੂੰ ਰੱਦ ਕਰ ਦਿੱਤਾ। ਐੱਨ ਏ ਬੀ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀ ਐੱਮ ਐੱਲ-ਐਨ) ਦੇ ਉਪ ਪ੍ਰਧਾਨ ਹਮਜ਼ਾ ਦੇ ਖਿਲਾਫ ਚੀਨੀ ਮਿੱਲ, ਸਾਫ ਪਾਣੀ ਪ੍ਰਾਜੈਕਟਾਂ ਤੇ ਆਮਦਨ ਤੋਂ ਵੱਧ ਜਾਇਦਾਦ ਦੇ ਕੇਸਾਂ ਦੀ ਜਾਂਚ ਕਰ ਰਹੀ ਹੈ। ਭ੍ਰਿਸ਼ਟਾਚਾਰ ਦੇ ਕੇਸਾਂ ਵਿਚ ਜੇਲ ਦੀ ਸਜ਼ਾ ਕੱਟ ਰਹੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੇ ਛੋਟੇ ਭਰਾ ਅਤੇ ਪੀ ਐੱਮ ਐੱਲ-ਐਨ ਦੇ ਪ੍ਰਧਾਨ ਤੇ ਪਾਰਲੀਮੈਂਟ ਮੈਂਬਰ ਦੇ ਹੇਠਲੇ ਸਦਨ ਨੈਸ਼ਨਲ ਅਸੈਂਬਲੀ ਵਿਚ ਨੇਤਾ ਵਿਰੋਧੀ ਧਿਰ ਦੇ ਆਗੂ ਸ਼ਹਿਬਾਜ਼ ਸ਼ਰੀਫ ਦੇ ਬੇਟੇ ਹਮਜ਼ਾ ਨੇ ਆਪਣੀ ਗ੍ਰਿਫਤਾਰੀ ਤੋਂ ਪਹਿਲਾਂ ਪੱਤਰਕਾਰਾਂ ਨੂੰ ਦੱਸਿਆ ਕਿ ਉਨ੍ਹਾਂ ਖਿਲਾਫ ਇਕ ਰੁਪਏ ਤੱਕ ਦਾ ਵੀ ਭ੍ਰਿਸ਼ਟਾਚਾਰ ਸਾਬਤ ਨਹੀਂ ਕੀਤਾ ਜਾ ਸਕਦਾ।

ਡਾਨ ਅਖਬਾਰ ਨੇ ਹਮਜ਼ਾ ਦੇ ਹਵਾਲੇ ਨਾਲ ਕਿਹਾ, 'ਮੈਂ ਰਾਜਨੀਤੀ ਛੱਡ ਦਿਆਂਗਾ, ਜੇ ਇਹ ਸਾਬਤ ਹੋ ਜਾਵੇ ਕਿ ਮੈਂ ਭ੍ਰਿਸ਼ਟਾਚਾਰ ਵਿਚ ਸ਼ਾਮਲ ਸੀ।' ਪੀ ਐੱਮ ਐੱਲ ਐੱਨ ਦੇ ਕਾਰਕੁੰਨਾਂ ਨੇ ਵੱਡੀ ਗਿਣਤੀ ਵਿਚ ਲਾਹੌਰ ਦੇ ਮਾਲ ਰੋਡ ਨੂੰ ਜਾਮ ਕਰ ਦਿੱਤਾ ਤੇ ਹਮਜ਼ਾ ਦੀ ਗ੍ਰਿਫਤਾਰੀ ਦਾ ਵਿਰੋਧ ਕੀਤਾ। ਅਦਾਲਤ ਦੇ ਬਾਹਰ ਪੁਲਸ ਤੇ ਪਾਰਟੀ ਸਮੱਰਥਕਾਂ ਦੀ ਝੜਪ ਵੀ ਹੁੰਦੀ ਰਹੀ ਹੈ। ਐੱਨ ਏ ਬੀ ਨੇ ਇਸਲਾਮਾਬਾਦ ਵਿਚ ਸਾਬਕਾ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਦੀ ਗ੍ਰਿਫਤਾਰੀ ਤੋਂ ਇਕ ਦਿਨ ਬਾਅਦ ਹਮਜ਼ਾ ਨੂੰ ਗ੍ਰਿਫਤਾਰ ਕੀਤਾ ਹੈ।

# ਕੁਝ ਹਜ਼ਾਰ ਕਦਮ ਚੱਲਣ ਨਾਲ ਸੁਧਰ ਸਕਦੀ ਹੈ ਬਜ਼ੁਰਗ ਔਰਤਾਂ ਦੀ ਸਿਹਤ

ਵਾਸ਼ਿੰਗਟਨ, 11 ਜੂਨ (ਪੋਸਟ ਬਿਊਰੋ)- ਸਿਹਤਮੰਦ ਤੇ ਨਿਰੋਗ ਰਹਿਣ ਲਈ ਕਸਰਤ ਬੇਹੱਦ ਜ਼ਰੂਰੀ ਹੈ। ਕਈ ਖੋਜਾਂ ਵਿੱਚ ਇਹ ਸਾਬਤ ਹੋ ਚੁੱਕਾ ਹੈ ਕਿ ਸਰੀਰਕ ਰੂਪ ਨਾਲ ਸਰਗਰਮ ਲੋਕਾਂ ਵਿੱਚ ਹੋਰਾਂ ਦੇ ਮੁਕਾਬਲੇ ਦਿਲ ਰੋਗ, ਮੋਟਾਪੇ ਅਤੇ ਡਾਇਬਟੀਜ਼ ਵਰਗੀਆਂ ਬਿਮਾਰੀਆਂ ਦਾ ਖਤਰਾ ਬਹੁਤ ਘੱਟ ਰਹਿੰਦਾ ਹੈ। ਸਾਡੇ ਮਨ ਵਿੱਚ ਇਹ ਸਵਾਲ ਰਹਿੰਦਾ ਹੈ ਕਿ ਆਖਰ ਕਿੰਨੀ ਦੇਰ ਤੱਕ ਕਸਰਤ ਕਰਨ ਨਾਲ ਅਸੀਂ ਇਨ੍ਹਾਂ ਸਾਰੀਆਂ ਬਿਮਾਰੀਆਂ ਤੋਂ ਬਚੇ ਰਹਿ ਕੇ ਲੰਬਾ ਜੀਵਨ ਜੀਅ ਸਕਦੇ ਹਾਂ।ਹਾਰਵਰਡ ਯੂਨੀਵਰਸਿਟੀ ਦੀ ਪ੍ਰੋਫੈਸਰ ਆਈ ਮੀਨ ਲੀ ਨੇ ਆਪਣੀ ਖੋਜ ਵਿੱਚ ਇਸ ਦਾ ਜਵਾਬ ਲੱਭ ਲਿਆ ਹੈ। ਉਨ੍ਹਾਂ ਮੁਤਾਬਕ ਦਿਨ ਵਿੱਚ ਕੇਵਲ ਕੁਝ ਹਜ਼ਾਰ ਕਦਮ ਚੱਲਣ ਨਾਲ ਹੀ ਬਜ਼ੁਰਗ ਔਰਤਾਂ ਸਿਹਤਮੰਦ ਰਹਿੰਦੇ ਹੋਏ ਲੰਬਾ ਜੀਵਨ ਜੀ ਸਕਦੀਆਂ ਹਨ। ਪੁਰਸ਼ਾਂ ਅਤੇ ਨੌਜਵਾਨਾਂ ਲਈ ਇਹ ਕਿੰਨਾ ਕਾਰਗਰ ਹੈ ਇਸ ਦਾ ਪਤਾ ਨਹੀਂ ਲੱਗਾ। ਕਈ ਲੋਕ ਮੰਨਦੇ ਹਨ ਕਿ ਸਿਹਤਮੰਦ ਰਹਿਣ ਲਈ ਰੋਜ਼ 10 ਹਜ਼ਾਰ ਕਦਮ ਚੱਲਣਾ ਜ਼ਰੂਰੀ ਹੈ। ਮੌਜੂਦਾ ਸਮੇਂ ਵਿੱਚ ਕਈ ਅਜਿਹੇ ਯੰਤਰ ਅਤੇ ਐਪ ਵੀ ਮਿਲਦੇ ਹਨ, ਜਿਨ੍ਹਾਂ ਨਾਲ ਵਿਅਕਤੀ ਆਪਣੇ 10 ਹਜ਼ਾਰ ਕਦਮਾਂ ਦਾ ਹਿਸਾਬ ਰੱਖ ਸਕਦਾ ਹੈ। ਕਿਸੇ ਖੋਜ ਵਿੱਚ ਇਸ ਗੱਲ ਨੂੰ ਸਾਬਤ ਨਹੀਂ ਕੀਤਾ ਗਿਆ।ਤਾਜ਼ਾ ਖੋਜ ਵਿੱਚ 10 ਹਜ਼ਾਰ ਕਦਮ ਦੇ ਪੈਮਾਨੇ ਨੂੰ ਖਾਰਜ ਕਰ ਦਿੱਤਾ ਗਿਆ ਹੈ।

# ਔਰਤ ਨੇ ਆਨਲਾਈਨ ਭੀਖ ਮੰਗ ਕੇ 35 ਲੱਖ ਜੋੜੇ, ਪਹਿਲੇ ਪਤੀ ਨੇ ਗ੍ਰਿਫ਼ਤਾਰ ਕਰਵਾਈ



ਦੁਬਈ, 11 ਜੂਨ (ਪੋਸਟ ਬਿਊਰੋ)- ਪੁਲਿਸ ਨੇ ਇੱਕ ਯੂਰਪੀਨ ਮਹਿਲਾ ਨੂੰ ਧੋਖਾਧੜੀ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਹੈ, ਜਿਹੜੀ ਲੋਕਾਂ ਤੋਂ ਆਨਲਾਈਨ ਭੀਖ ਮੰਗਦੀ ਸੀ। ਉਸ ਨੇ ਸਿਰਫ 17 ਦਿਨਾਂ ਵਿਚ 34 ਲੱਖ 81 ਹਜ਼ਾਰ ਰੁਪਏ ਜੋੜ ਲਏ। ਸੋਸ਼ਲ ਮੀਡੀਆ ਦੇ ਵੱਖ-ਵੱਖ ਪਲੇਟਫਾਰਮਾਂ ਉਤੇ ਉਸ ਨੇ ਬੱਚਿਆਂ ਦੀਆਂ ਤਸਵੀਰਾਂ ਪੋਸਟ ਕੀਤੀਆਂ ਤੇ ਲੋਕਾਂ ਨੂੰ ਕਹਿੰਦੀ ਸੀ ਕਿ ਪਤੀ ਨੇ ਉਸ ਨੂੰ ਛੱਡ ਦਿੱਤਾ ਹੈ ਤੇ ਉਸ ਦੇ ਸਿਰ ਉੱਤੇ ਬੱਚਿਆਂ ਦੀ ਜ਼ਿੰਮੇਵਾਰੀ ਆ ਗਈ ਹੈ।

ਇਸ ਕੇਸ ਵਿੱਚ ਪੁਲਿਸ ਦੇ ਮੁਤਾ-ਬਕ ਉਸ ਔਰਤ ਦੇ ਸਾਬਕਾ ਪਤੀ ਨੇ ਉਸ ਦੇ ਬਾਰੇ ਦੱਸਿਆ ਤੇ ਦੁਬਈ ਪੁਲਿਸ ਦੇ ਜਾਂਚ ਵਿਭਾਗ ਨੇ ਮੰਨਿਆ ਕਿ ਔਰਤ ਨੇ ਫੇਸਬੁੱਕ, ਟਵਿਟਰ ਤੇ ਇੰਸਟਾਗਰਾਮ ਉਤੇ ਬੱਚਿਆਂ ਦੀਆਂ ਤਸਵੀਰਾਂ ਪੋਸਟ ਕੀਤੀਆਂ ਹੋਈਆਂ ਸਨ। ਉਸ ਨੇ ਅਪਣੇ ਨਾਂ ਕਈ ਆਨਲਾਈਨ ਖਾਤੇ ਬਣਾਏ ਸਨ। ਉਨ੍ਹਾਂ ਨੇ ਮਹਿਲਾ ਦੀ ਪਛਾਣ ਜ਼ਾਹਰ ਨਹੀਂ ਕੀਤੀ। ਬੱਚਿਆਂ ਨੂੰ ਪਾਲਣ ਦਾ ਵਾਸਤਾ ਦੇ ਕੇ ਔਰਤ ਲੋਕਾਂ ਤੋਂ ਭੀਖ ਮੰਗਦੀ ਤੇ ਲੋਕਾਂ ਨੂੰ ਕਹਿੰਦੀ ਸੀ ਕਿ ਉਸ ਦਾ ਤਲਾਕ ਹੋ ਚੁੱਕਾ ਹੈ ਤੇ ਬੱਚਿਆਂ ਨੂੰ ਪਾਲਣ ਦੀ ਜ਼ਿੰਮੇਵਾਰੀ ਉਸ ਉੱਤੇ ਹੈ। ਉਸ ਦੇ ਸਾਬਕਾ ਪਤੀ ਨੂੰ ਪਤਾ ਲੱਗਾ ਤਾਂ ਉਸ ਨੇ ਪੁਲਿਸ ਨੂੰ ਦੱਸਿਆ ਕਿ ਬੱਚੇ ਉਸ ਦੇ ਕੋਲ ਰਹਿੰਦੇ ਹਨ। ਜਾਂਚ ਅਧਿਕਾਰੀ ਜਾਲਫ ਦਾ ਕਹਿਣਾ ਹੈ ਕਿ ਯੂ ਏ ਈ ਵਿਚ ਆਨਲਾਈਨ ਭੀਖ ਮੰਗਣਾ ਅਪਰਾਧ ਹੈ। ਪੁਲਿਸ ਨੇ ਰਮਜ਼ਾਨ ਦੇ ਦੌਰਾਨ ਭੀਖ ਮੰਗਣ ਦੇ ਦੋਸ਼ ਵਿਚ 128 ਲੋਕਾਂ ਨੂੰ ਕਾਬੂ ਕੀਤਾ। ਜੇ ਕੋਈ ਵਿਅਕਤੀ ਜਾਂ ਮਹਿਲਾ ਆਨਲਾਈਨ ਭੀਖ ਮੰਗਦਾ ਮਿਲੇ ਤਾਂ ਉਸ ਉੱਤੇ ਕਾਨੂੰਨ ਮੁਤਾ-ਬਕ 25 ਹਜ਼ਾਰ ਜਾਂ 50 ਹਜ਼ਾਰ ਦਿਰਹਮ ਦਾ ਜੁਰਮਾਨਾ ਲਾਇਆ ਜਾਂਦਾ ਹੈ।

# ਅਫਗਾਨਿਸਤਾਨ ਵਿੱਚ ਆਈ ਐਸ ਦਾ ਦਾਬਾ ਵਧਣ ਨਾਲ ਪੱਛਮ ਦੇ ਦੇਸ਼ਾਂ ਨੂੰ ਖਤਰਾ



ਜਲਾਲਾਬਾਦ, 11 ਜੂਨ (ਪੋਸਟ ਬਿਊਰੋ)- ਅੱਤਵਾਦੀ ਸੰਗਠਨ ਇਸਲਾਮਿਕ ਸਟੇਟ (ਆਈ ਐਸ) ਸੀਰੀਆ ਅਤੇ ਇਰਾਕ ਵਿੱਚ ਆਪਣਾ ਕੰਟਰੋਲ ਗੁਆ ਚੁੱਕਾ ਹੈ ਪਰ ਅਫਗਾਨਿਸਤਾਨ ਦੇ ਉਤਰ ਪੂਰਬੀ ਪਹਾੜੀ ਇਲਾਕੇ ਵਿੱਚ ਇਹ ਆਪਣਾ ਪ੍ਰਭਾਵ ਵਧਾ ਕੇ ਨਵੇਂ ਲੜਾਕਿਆਂ ਦੀ ਭਰਤੀ ਕਰ ਰਿਹਾ ਹੈ ਅਤੇ ਅਮਰੀਕਾ ਅਤੇ ਹੋਰ ਪੱਛਮੀ ਦੇਸ਼ਾਂ ਲਈ ਖਤਰਾ ਹੈ ਅਤੇ ਹਮਲੇ ਦੀ ਸਾਜ਼ਿਸ਼ ਰਚ ਰਿਹਾ ਹੈ। ਇਹ ਦਾਅਵਾ ਅਮਰੀਕੀ ਅਤੇ ਅਫਗਾਨ ਅਧਿਕਾਰੀਆਂ ਨੇ ਕੀਤਾ ਹੈ। ਅਫਗਾਨਿਸਤਾਨ ਵਿੱਚ ਇਸ ਅੱਤਵਾਦੀ ਗਰੁੱਪ ਨੂੰ ਤਾਲਿਬਾਨ ਤੋਂ ਵੀ ਵੱਡਾ ਖਤਰਾ ਮੰਨਿਆ ਜਾ ਰਿਹਾ ਹੈ। ਇਸ ਅੱਤਵਾਦੀ ਸੰਗਠਨ ਨੇ ਫੌਜੀ ਸਮੱਰਥਾਵਾਂ ਵਿੱਚ ਵਾਧਾਂ ਕੀਤਾ ਹੈ ਅਤੇ ਅਫਗਾਨਿਸਤਾਨ ਅਤੇ ਵਿਦੇਸ਼ਾਂ ਵਿੱਚ ਨਾਗਰਿਕਾਂ ਨੂੰ ਨਿਸ਼ਾਨਾ ਬਣਾਉਣ ਦੀ ਆਪਣੀ ਰਣਨੀਤੀ 'ਤੇ ਵੀ ਕਾਫੀ ਕੰਮ ਕੀਤਾ ਹੈ। ਜਾਰਜਟਾਊਨ ਯੂਨੀਵਰਸਿਟੀ ਵਿੱਚ ਸੁਰੱਖਿਆ ਅਧਿਐਨ ਕੇਂਦਰ ਦੇ ਡਾਇਰੈਕਟਰ ਬ੍ਰੂਸ ਹਾਫਮੈਨ ਨੇ ਕਿਹਾ ਕਿ ਉਹ ਇਰਾਕ ਅਤੇ ਸੀਰੀਆ ਵਿੱਚ ਹਾਰਨ ਦੇ ਬਾਅਦ ਅਫਗਾਨਿਸਤਾਨ ਨੂੰ ਆਈ ਐਸ ਲਈ ਨਵੇਂ ਸੰਭਾਵਿਤ ਟਿਕਾਣੇ ਦੇ ਤੌਰ 'ਤੇ ਦੇਖਦੇ ਹਨ। ਸ਼ੁਰੂ ਵਿੱਚ ਆਈ ਐਸ ਦੇ ਕੋਲ ਬਹੁਤ ਲੜਾਕੇ ਨਹੀਂ ਸਨ, ਪਰ ਅੱਜ ਕੱਲ੍ਹ ਇਸ ਨਾਲ ਹਜ਼ਾਰ ਅੱਤਵਾਦੀ ਜੁੜੇ ਹਨ।ਮੱਧ ਏਸ਼ੀਆ ਦੇ ਨਾਲ ਅਰਬ ਦੇਸ਼ਾਂ, ਚੇਚੇਨੀਆ, ਭਾਰਤ ਅਤੇ ਬੰਗਲਾ ਦੇਸ਼ ਦੇ ਨਾਲ ਚੀਨ ਦੇ ਉਈਗੁਰ ਵੀ ਇਸ ਸੰਗਠਨ ਨਾਲ ਜੁੜੇ ਹਨ। ਇਸ ਸੰਗਠਨ ਨੇ ਲੰਬੇ ਸਮੇਂ ਤੋਂ ਪੂਰਬੀ ਨਾਨਗਰਹਰ ਪ੍ਰਾਂਤ ਵਿੱਚ ਵਜੂਦ ਕਾਇਮ ਰੱਖਿਆ ਹੋਇਆ ਹੈ, ਪਰ ਉਤਰੀ ਅਫਗਾਨਿਸਤਾਨ ਅਤੇ ਬਾਅਦ ਦੇ ਸਮੇਂ ਵਿੱਚ ਗੁਆਂਢ ਦੇ ਕੁੰਨਾਰ ਪ੍ਰਾਤ ਵਿੱਚ ਵੀ ਇਸ ਨੇ ਮਜਬੂਤ ਮੌਜੂਦਗੀ ਬਣਾ ਲਈ ਹੈ।

# ਵਿੰਡਰਸ਼ ਸਕੀਮ ਹੇਠ ਸੈਂਕੜੇ ਭਾਰਤੀ ਲੋਕਾਂ ਨੂੰ ਮਿਲੀ ਸੀ ਬ੍ਰਿਟੇਨ ਦੀ ਨਾਗਰਿਕਤਾ




ਲੰਡਨ, 11 ਜੂਨ (ਪੋਸਟ ਬਿਊਰੋ)- ਬ੍ਰਿਟੇਨ ਦਾ ਵਿੰਡਰਸ਼ ਇਮੀਗਰੇਸ਼ਨ ਕੇਸ ਵਿੱਚ ਸੈਂਕੜੇ ਭਾਰਤੀ ਲੋਕਾਂ ਨੂੰ ਬ੍ਰਿਟਿਸ਼ ਨਾਗਰਿਕਤਾ ਦੀ ਪੁਸ਼ਟੀ ਕੀਤੀ ਗਈ ਹੈ। ਬ੍ਰਿਟੇਨ ਦੇ ਗ੍ਰਹਿ ਮੰਤਰੀ ਸਾਜਿਦ ਜਾਵਿਦ ਵੱਲੋਂ ਹਾਸਲ ਕਰਵਾਏ ਗਏ ਨਵੇਂ ਅੰਕੜੇ ਦੇ ਮੁਤਾਬਕ 737 ਭਾਰਤੀਆਂ ਦੀ ਨਾਗਰਿਕਤਾ ਦੀ ਪੁਸ਼ਟੀ ਹੋਈ ਹੈ।

ਕਾਮਨਵੈਲਥ ਦੇਸ਼ਾਂ ਨਾਲ ਜੁੜੇ ਇਸ ਕੇਸ ਵਿੱਚ ਬ੍ਰਿਟੇਨ ਵਿੱਚ ਕਈ ਲੋਕਾਂ ਨੂੰ ਉਨ੍ਹਾਂ ਦੀ ਨਾਗਰਿਕਤਾ ਪ੍ਰਦਾਨ ਕਰਨ ਨਾਲ ਗਲਤ ਤਰੀਕੇ ਨਾਲ ਇਨਕਾਰ ਕੀਤਾ ਗਿਆ ਸੀ। ਇਨ੍ਹਾਂ 'ਚ ਜ਼ਿਆਦਾਤਰ (559) ਲੋਕ 1973 ਤੋਂ ਪਹਿਲਾ ਬ੍ਰਿਟੇਨ ਆਏ ਸਨ, ਜਦ ਇਮੀਗਰੇਸ਼ਨ ਨਿਯਮਾਂ ਨੂੰ ਬਦਲਿਆ ਗਿਆ ਸੀ, ਬਾਕੀ ਦੋ ਬਾਅਦ ਵਿੱਚ ਆਏ ਜਾਂ ਪਰਵਾਰ ਦੇ ਮੈਂਬਰ ਸਨ ਅਤੇ ਉਨ੍ਹਾਂ ਨੂੰ 'ਵਿੰਡਰਸ਼ ਪੀੜ੍ਹੀ' ਕਿਹਾ ਗਿਆ। ਜਾਵਿਦ ਨੇ ਕਿਹਾ, 'ਮੈਂ ਨਿੱਜੀ ਤੌਰ ਉਤੇ ਉਨ੍ਹਾਂ ਲੋਕਾਂ ਤੋਂ ਮੁਆਫੀ ਮੰਗਦਾ ਹਾਂ, ਜਿਨ੍ਹਾਂ ਨੂੰ ਇਸ ਸਮੀਖਿਆ ਨਾਲ ਚੁਣਿਆ ਗਿਆ ਤੇ ਮੈਂ ਭਰੋਸਾ ਦਿੰਦਾ ਹਾਂ ਕਿ ਉਨ੍ਹਾਂ ਨੂੰ ਮਦਦ ਦਿੱਤੀ ਜਾਵੇਗੀ ਅਤੇ ਹਰਜਾਨਾ ਵਿਵਸਥਾ ਤੱਕ ਪਹੁੰਚ ਦਿੱਤੀ ਜਾਵੇਗੀ।'ਵਿੰਡਰਸ਼ ਪੀੜ੍ਹੀ ਸਾਬਕਾ ਬ੍ਰਿਟਿਸ਼ ਕਾਲੋਨੀਆਂ ਦੇ ਉਨ੍ਹਾਂ ਨਾਗਰਿਕਾਂ ਨੂੰ ਸੰਬੋਧਿਤ ਕੀਤਾ ਜਾਂਦਾ ਹੈ ਜੋ 1973 ਤੋਂ ਪਹਿਲਾਂ ਆਏ ਸਨ ਜਦ ਅਜਿਹੇ ਨਾਗਰਿਕਾਂ ਦੇ ਰਹਿਣ ਦੇ ਅਧਿਕਾਰ ਅਤੇ ਬ੍ਰਿਟੇਨ ਵਿੱਚ ਕੰਮ ਕਰਨ ਦੇ ਮੌਕੇ ਬਹੁਤ ਸੀਮਿਤ ਸਨ।

# ਫੇਸਬੁੱਕ ਜਲਦੀ ਆਪਣੀ ਕ੍ਰਿਪਟੋ ਕਰੰਸੀ ਲਾਂਚ ਕਰੇਗਾ

ਸੇਨ ਫਰਾਂਸਿਸਕੋ, 11 ਜੂਨ (ਪੋਸਟ ਬਿਊਰੋ)- ਫੇਸਬੁੱਕ ਕੰਪਨੀ 18 ਜੂਨ ਨੂੰ ਆਪਣੀ ਕ੍ਰਿਪਟੋ ਕਰੰਸੀ ਲਿਆਉਣ ਦੇ ਲਈ ਪਿਛਲੇ ਲੰਬੇ ਸਮੇਂ ਤੋਂ ਕਰੀਬ 50 ਲੋਕਾਂ ਦੀ ਟੀਮ ਨਾਲ ਇਸ ਵਰਚੁਅਲ ਕਰੰਸੀ ਪ੍ਰੋਜੈਕਟ ਉਤੇ ਕੰਮ ਕਰ ਰਹੀ ਹੈ। ਮੰਨਿਆ ਜਾ ਰਿਹਾ ਹੈ ਕਿ ਕ੍ਰਿਪਟੋ ਕਰੰਸੀ ਆਉਣ ਦੇ ਬਾਅਦ ਆਨਲਾਈਨ ਵਪਾਰੀਆਂ ਅਤੇ ਸ਼ਾਪਿੰਗ ਪਲੇਟਫਾਰਮਾਂ 'ਤੇ ਵੀ ਸਿੱਧੇ ਫੇਸਬੁੱਕ ਕ੍ਰਿਪਟੋ ਕਰੰਸੀ ਦੀ ਮਦਦ ਨਾਲ ਖਰੀਦਦਾਰੀ ਕੀਤੀ ਜਾ ਸਕੇਗੀ। ਮਾਰਕ ਜ਼ੁਕਰਬਰਗ ਨੇ ਇਸ ਤੋਂ ਪਹਿਲਾਂ ਕੰਪਨੀ ਦੇ ਇਸ ਪ੍ਰੋਜੈਕਟ ਦੇ ਬਾਰੇ ਕਿਹਾ ਸੀ ਕਿ ਬਲਾਕਚੇਨ ਤਕਨੀਕੀ ਥਰਡ ਪਾਰਟੀ ਐਪਸ ਦੇ ਨਾਲ ਯੂਜਰਸ ਦੇ ਅਨੁਭਵ ਨੂੰ ਵਧੀਆ ਬਣਾਏਗੀ, ਯਾਨੀ ਫੇਸਬੁੱਕ ਆਪਣੇ ਪਲੇਟਫਾਰਮ ਅਤੇ ਇੰਸਟਾਗ੍ਰਾਮ ਜਾਂ ਵਟਸ ਐਪ ਲਈ ਬਿਟਕਾਇਨ ਦੀ ਤਰ੍ਹਾਂ ਕ੍ਰਿਪਟੋ ਕਰੰਸੀ ਲਿਆਉਣ ਜਾ ਰਹੀ ਹੈ। ਇਕ ਸੂਤਰ ਮੁਤਾਬਕ 18 ਜੂਨ ਨੂੰ ਫੇਸਬੁੱਕ ਦੀ ਕਰੰਸੀ ਦੇ ਬੇਸਿਕਸ ਨਾਲ ਜੁੜੀ ਜਾਣਕਾਰੀ ਸਾਹਮਣੇ ਆਵੇਗੀ। ਦਾਅਵਾ ਹੈ ਕਿ ਫੇਸਬੁੱਕ ਨੇ ਕਈ ਨਿਵੇਸ਼ਕਾਂ ਨੂੰ ਇਸ ਯੋਜਨਾ ਦੇ ਬਾਰੇ ਦੱਸਿਆ ਹੈ ਅਤੇ ਉਨ੍ਹਾਂ ਨੂੰ 18 ਜੂਨ ਦੀ ਤਰੀਕ ਦਿੱਤੀ ਗਈ ਹੈ।ਪਹਿਲਾਂ ਇਸ ਨੂੰ 'ਗਲੋਬਲ ਕਾਇਨ' ਕਿਹਾ ਜਾ ਰਿਹਾ ਸੀ, ਪਰ ਫਿਲਹਾਲ ਇਸ ਨੂੰ 'ਲਿਬ੍ਰਾ' ਕਿਹਾ ਜਾ ਰਿਹਾ ਹੈ, ਜੋ ਯੋਜਨਾ ਲਈ ਇਸ ਦਾ ਕੋਡਨੇਮ ਹੈ।




Honesty, Reliability, Commitment
Hira Randhawa
Broker
• 1 yr Home Warranty • Appliances & Furniture
• 40% Discount on Brand Name • Free Evaluation & Lowest Commission
www.hirarandhawa.com
hirarandhawa@yahoo.ca
"OPEN HOUSE UNTIL SOLD"
For all your Real Estate needs: 416.319.0551 or 905.913.8585

$634,900 — Sandalwood & Conestoga
Stunning Detached Home With Single Car Garage, 3 Bedroom, 2 Washrooms, Fully Renovated Top To Bottom To Thousands Spent On Renovation, Nestled On A Quiet, Family Friendly Street Close To Park, School, Hwy 410, Shopping, School & Other Amenities.

$729,900 — Dixie/Octillo
Immaculate 3 Bedroom Semi With 1 Br Fin Basement On A 30 Ft Lot . Hardwood Flooring (No Carpet In Entire House), Separate Living/Family, Eat-In-Kitchen, 2 Full Washrooms On 2nd Floor, Extended Driveway ,Concrete Work On Side And Backyard And Much More!

$739,913 — Charleston Side Rd/Main St.
Detached Home On Well Landscaped. Huge Corner Lot W/Private Backyard In Historic Town Of Alton With Finished Double Car Garage. 3 Bedroom Upstairs, 2 Full Washrooms W/4 Pc Bath, Master Bedroom, New Roof 2018 & etc.

$775,000 — Charolais/Chinguacousy Rd
Renovated Bungalow, 3 Good Size Bedrooms Plus Den + 2 Bed Finished Basement W/Separate Entrance With Appliances, New Upgraded Kitchen + 3 Newly Renovated Bathrooms + New Hardwood Floors Very Close To Hwy, etc.

Call For:
RESP,
SUPER
-VISA,&
TRAVEL
Insurance

H.Randhawa
416-319-0551

FIRST CHOICE FINANCIAL LIMITED
TRUCK LOANS
ਟੱਰਕ ਲੌਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

MICHELIN · Hankook · Continental · ROADLUX · BFGoodrich · AEOLUS · COMPASAL

Chevron Delo
Special OIL CHANGE Rates
BEST TRUCK REPAIR & TIRE CENTRE
We also Specialize in Engine, AC, Transmission, Differential Rebuild, Safety Inspection & All Kinds of Electric Work
ਕਾਰਾਂ ਤੇ ਟਰਕਾਂ ਦੀ ਸਸਤੀ ਏ-ਸੀ ਰਿਪੇਅਰ । ਟਰੱਕਾਂ ਦੇ ਟਾਇਰਾਂ ਤੇ ਭਾਰੀ ਸੇਲ
SPECIAL ON TRUCK ALIGNMENT | BRAND NEW MACHINES 2018
Brake & Drum -Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲਾ
Spring Sale
1715 Sismet Rd, Mississauga | Call Ranjit: 416.624.8351 | Tel: 905.625.0055

## ਕੈਪਟਨ ਅਮਰਿੰਦਰ ਸਿੰਘ ਦੇ ਖਿਲਾਫ ਆਮਦਨ ਟੈਕਸ ਅਫਸਰ ਦੀ ਗਵਾਹੀ ਪੂਰੀ

ਲੁਧਿਆਣਾ, 11 ਜੂਨ (ਪੋਸਟ ਬਿਊਰੋ)- ਆਮਦਨ ਟੈਕਸ ਵਿਭਾਗ ਵਲੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਉਨ੍ਹਾਂ ਦੇ ਪੁੱਤਰ ਰਣਇੰਦਰ ਸਿੰਘ ਦੇ ਖਿਲਾਫ ਦਾਇਰ ਕੀਤੀਆਂ ਸ਼ਿਕਾਇਤਾਂ ਵਿੱਚ ਵਿਭਾਗ ਨੇ ਸਾਰੇ ਕੇਸਾਂ ਵਿੱਚ ਦਸਤਾਵੇਜ਼ਾਂ ਨੂੰ ਅਦਾਲਤ ਵਿੱਚ ਪੇਸ਼ ਕਰਨ ਦੇ ਲਈ ਅਰਜ਼ੀਆਂ ਲਾਈਆਂ ਹਨ। ਵਿਭਾਗ ਦੇ ਵਕੀਲ ਰਾਕੇਸ਼ ਗੁਪਤਾ ਨੇ ਅਰਜ਼ੀਆਂ ਵਿੱਚ ਦਾਅਵਾ ਕੀਤਾ ਕਿ ਕੇਸਾਂ ਦੇ ਕੁਝ ਮਹੱਤਵ ਪੂਰਨ ਦਸਤਾਵੇਜ਼ ਉਨ੍ਹਾਂ ਨੂੰ ਲੇਟ ਮਿਲੇ, ਜਿਨ੍ਹਾਂ ਨੂੰ ਉਹ ਲਾਉਣਾ ਚਾਹੁੰਦੇ ਸਨ। ਕੈਪਟਨ ਅਮਰਿੰਦਰ ਸਿੰਘ ਖਿਲਾਫ ਵਿਭਾਗ ਅਧਿਕਾਰੀ ਅਮਿਤ ਦੁਆ ਦੀ ਗਵਾਹੀ ਪੂਰੀ ਹੋ ਗਈ ਹੈ।

ਵਰਨਣ ਯੋਗ ਹੈ ਕਿ ਪਿਛਲੀ ਪੇਸ਼ੀ ਵੇਲੇ ਵਿਭਾਗ ਨੇ ਚੀਫ ਜੁਡੀਸ਼ਲ ਮੈਜਿਸਟਰੇਟ ਪੀ ਐੱਸ ਕਾਲੇਕਾ ਦੀ ਅਦਾਲਤ ਵਿੱਚ ਇਨਕਮ ਟੈਕਸ ਅਫਸਰ ਅਮਨਪ੍ਰੀਤ ਕੌਰ ਦੀ ਗਵਾਹੀ ਸ਼ੁਰੂ ਕਰਾਈ ਸੀ, ਜੋ ਪੂਰੀ ਨਹੀਂ ਸੀ ਹੋਈ। ਅਮਨਪ੍ਰੀਤ ਕੌਰ ਫਿਰ ਆਪਣੇ ਵਕੀਲ ਰਾਕੇਸ਼ ਗੁਪਤਾ ਨਾਲ ਅਦਾਲਤ ਵਿੱਚ ਪੇਸ਼ ਹੋਈ, ਪਰ ਗਵਾਹੀ ਨਹੀਂ ਕਰਾਈ। ਜੱਜ ਪੀ ਐੱਸ ਕਾਲੇਕਾ ਨੇ ਇਨ੍ਹਾਂ ਕੇਸਾਂ ਨੂੰ ਸੁਣਵਾਈ ਲਈ 14 ਜੂਨ ਤੱਕ ਅੱਗੇ ਪਾ ਦਿੱਤਾ ਹੈ। ਇਸ ਮੌਕੇ ਕੈਪਟਨ ਅਮਰਿੰਦਰ ਸਿੰਘ ਦੇ ਪੁੱਤਰ ਰਣਇੰਦਰ ਸਿੰਘ ਦੇ ਖਿਲਾਫ ਆਮਦਨ ਟੈਕਸ ਵਿਭਾਗ ਦੇ ਦੂਜੇ ਕੇਸ ਵਿੱਚ ਚੱਲਦੀ ਗਵਾਹੀ ਪੂਰੀ ਨਹੀਂ ਹੋ ਸਕੀ। ਆਮਦਨ ਟੈਕਸ ਵਿਭਾਗ ਨੇ ਰਣਇੰਦਰ ਸਿੰਘ ਦੇ ਖਿਲਾਫ ਇਕ ਹੋਰ ਕੇਸ ਵਿੱਚ ਇਨਕਮ ਟੈਕਸ ਅਫਸਰ ਅਮਿਤ ਦੁਆ ਦੀ ਗਵਾਹੀ ਪੂਰੀ ਕਰਵਾ ਦਿੱਤੀ ਸੀ, ਪਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਉਨ੍ਹਾਂ ਦੇ ਪੁੱਤਰ ਦੇ ਖਿਲਾਫ ਹੋਰ ਕੇਸਾਂ ਵਿੱਚ ਗਵਾਹੀ ਮੁਕੰਮਲ ਨਹੀਂ ਹੋ ਸਕੀ

## ਗੁਰੂ ਨਾਨਕ ਸਾਹਿਬ ਦੀਆਂ ਆਨਲਾਈਨ ਮੂਰਤੀਆਂ ਲਈ ਐਮਾਜ਼ੋਨ ਤੇ ਫਲਿੱਪਕਾਰਟ ਨੂੰ ਨੋਟਿਸ

ਅੰਮ੍ਰਿਤਸਰ, 11 ਜੂਨ (ਪੋਸਟ ਬਿਊਰੋ)- ਆਨਲਾਈਨ ਵਿਕਰੀ ਵਾਲੀਆਂ ਵੈੱਬਸਾਈਟਾਂ ਐਮਾਜ਼ੋਨ ਤੇ ਫਲਿੱਪਕਾਰਟ ਵਲੋਂ ਗੁਰੂ ਨਾਨਕ ਦੇਵ ਜੀ ਦੀਆਂ ਮੂਰਤੀਆਂ ਬਣਾ ਕੇ ਵੇਚਣ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਖਤ ਨੋਟਿਸ ਲਿਆ ਤੇ ਇਨ੍ਹਾਂ ਦੋਵੇਂ ਕੰਪਨੀਆਂ ਵਲੋਂ ਸਿੱਖ ਸਿਧਾਂਤਾਂ ਤੇ ਰਵਾਇਤਾਂ ਦੇ ਵਿਰੁੱਧ ਗੁਰੂ ਸਾਹਿਬ ਦੀਆਂ ਮੂਰਤੀਆਂ ਦੀ ਵਿਕਰੀ ਉੱਤੇ ਕਾਰਵਾਈ ਕਰਦਿਆਂ ਦੋਹਾਂ ਕੰਪਨੀਆਂ ਨੂੰ ਕਾਨੂੰਨੀ ਨੋਟਿਸ ਭੇਜ ਦਿੱਤੇ ਹਨ।




ਇਸ ਬਾਰੇ ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਇਸ ਨੂੰ ਕੰਪਨੀਆਂ ਵਲੋਂ ਜਾਣਬੁਝ ਕੇ ਕੀਤੀ ਗਈ ਹਰਕਤ ਕਰਾਰ ਦਿੱਤਾ ਅਤੇ ਕਿਹਾ ਕਿ ਸਿੱਖੀ ਦੀਆਂ ਸ਼ਾਨਾਂ ਮੱਤੀਆਂ ਰਵਾਇਤਾਂ ਤੇ ਵਿਲੱਖਣ ਸਿਧਾਂਤਾਂ ਨੂੰ ਰਲਗੱਡ ਕਰਨ ਵਾਲੀਆਂ ਇਨ੍ਹਾਂ ਕੰਪਨੀਆਂ ਦੇ ਖਿਲਾਫ਼ ਐਸ ਜੀ ਪੀ ਸੀ ਸਖ਼ਤ ਕਾਰਵਾਈ ਕਰੇਗੀ। ਉਨ੍ਹਾਂ ਕਿਹਾ ਕਿ ਪਹਿਲਾਂ ਵੀ ਐਮਾਜ਼ੋਨ ਕੰਪਨੀ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ ਦੀ ਤੌਹੀਨ ਕੀਤੀ ਸੀ। ਉਸ ਵੇਲੇ ਕੰਪਨੀ ਖਿਲਾਫ਼ ਕਾਰਵਾਈ ਕਰਨ ਉਤੇ ਕੰਪਨੀ ਨੇ ਮੁਆਫ਼ੀ ਮੰਗ ਲਈ। ਫਿਰ ਇਸ ਕੰਪਨੀ ਨੇ ਸਿੱਖ ਸਿਧਾਂਤਾਂ ਤੇ ਪ੍ਰੰਪਰਾਵਾਂ ਦੇ ਖਿਲਾਫ਼ ਮੂਰਤੀ ਪੂਜਾ ਰੁਝਾਨ ਨੂੰ ਗੁਰੂ ਸਾਹਿਬ ਦੀਆਂ ਮੂਰਤੀਆਂ ਨਾਲ ਜੋੜਿਆ ਹੈ। ਉਨ੍ਹਾਂ ਨੇ ਕਿਹਾ ਕਿ ਫਿਲਹਾਲ ਇਨ੍ਹਾਂ ਕੰਪਨੀਆਂ ਨੂੰ ਕਾਨੂੰਨੀ ਨੋਟਿਸ ਭੇਜੇ ਗਏ ਹਨ ਤੇ ਜੇ ਇਨ੍ਹਾਂ ਨੇ ਵੈੱਬਸਾਈਟ ਤੋਂ ਗੁਰੂ ਸਾਹਿਬ ਦੀਆਂ ਮੂਰਤੀਆਂ ਦੀ ਵਿਕਰੀ ਨਾ ਹਟਾਈ ਤਾਂ ਇਨ੍ਹਾਂ ਦੇ ਖਿਲਾਫ਼ ਸਿਵਲ ਤੇ ਫੌਜਦਾਰੀ ਕਾਰਵਾਈ ਕੀਤੀ ਜਾਵੇਗੀ। ਲੌਂਗੋਵਾਲ ਨੇ ਸਿੱਖ ਸੰਗਤ ਨੂੰ ਅਪੀਲ ਕੀਤੀ ਕਿ ਸਿੱਖ ਵਿਰੋਧੀ ਚਾਲਾਂ ਦਾ ਵਿਰੋਧ ਕੀਤਾ ਜਾਵੇ ਅਤੇ ਆਨਲਾਈਨ ਵਿਕਰੀ 'ਤੇ ਲਾਈਆਂ ਮੂਰਤੀਆਂ ਨਾ ਖ਼ਰੀਦੀਆਂ ਜਾਣ।

## ਕਟਹਲ ਦੇ ਬਿਸਕੁਟ, ਚਾਕਲੇਟ ਅਤੇ ਜੂਸ ਛੇਤੀ ਮਿਲਣਗੇ

ਨਵੀਂ ਦਿੱਲੀ, 11 ਜੂਨ (ਪੋਸਟ ਬਿਊਰੋ)- ਬਾਜ਼ਾਰ ਵਿੱਚ ਛੇਤੀ ਹੀ ਕਟਹਲ ਦੇ ਬਣੇ ਬਿਸਕੁਟ, ਚਾਕਲੇਟ ਤੇ ਜੂਸ ਮਿਲਣਾ ਸ਼ੁਰੂ ਹੋ ਜਾਵੇਗਾ, ਜੋ ਪੂਰੀ ਤਰ੍ਹਾਂ ਕੁਦਰਤੀ ਹੋਵੇਗਾ।

ਭਾਰਤੀ ਬਾਗਵਾਨੀ ਖੋਜ ਸੰਸਥਾ ਬੰਗਲੌਰ ਨੇ ਦੇਸ਼ ਵਿੱਚ ਪਹਿਲੀ ਵਾਰ ਕਟਹਲ ਦੇ ਬਿਸਕੁਟ, ਚਾਕਲੇਟ ਅਤੇ ਜੂਸ ਤਿਆਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ, ਜਿਸ ਨੂੰ ਛੇਤੀ ਹੀ ਬਾਜ਼ਾਰ ਵਿੱਚ ਉਤਾਰ ਦਿੱਤਾ ਜਾਵੇਗਾ। ਇਸ ਸੰਸਥਾ ਦੇ ਡਾਇਰੈਕਟਰ ਐੱਮ ਆਰ ਦਿਨੇਸ਼ ਨੇ ਦੱਸਿਆ ਕਿ ਕਟਹਲ ਦੇ ਪੱਕੇ ਫਲ ਦੇ ਬਿਸਕੁਟ, ਚਾਕਲੇਟ ਅਤੇ ਜੂਸ ਤਿਆਰ ਕੀਤੇ ਗਏ ਹਨ। ਕਟਹਲ ਦਾ ਜੂਸ ਪੂਰੀ ਤਰ੍ਹਾਂ ਕੁਦਰਤੀ ਹੈ, ਜਿਸ 'ਚ ਨਾ ਤਾਂ ਖੰਡ ਦੀ ਵਰਤੋਂ ਕੀਤੀ ਗਈ ਹੈ ਤੇ ਨਾ ਜੂਸ ਨੂੰ ਵੱਧ ਦਿਨਾਂ ਤੱਕ ਸੁਰੱਖਿਅਤ ਰੱਖਣ ਲਈ ਕਿਸੇ ਰਸਾਇਣ ਦੀ ਵਰਤੋਂ ਕੀਤੀ ਗਈ ਹੈ। ਕਟਹਲ ਤੋਂ ਤਿਆਰ ਬਿਸਕੁਟ ਬਹੁਤ ਵਧੀਆ ਹੈ। ਮਨੁੱਖੀ ਸਿਹਤ ਦਾ ਵਿਸ਼ੇਸ਼ ਖਿਆਲ ਰੱਖ ਕੇ ਇਸ ਵਿੱਚ ਚਾਲੀ ਫੀਸਦੀ ਮੈਦੇ ਦੀ ਥਾਂ ਕਟਹਲ ਦੇ ਬੀਜ ਦੇ ਆਟੇ ਦੀ ਵਰਤੋਂ ਕੀਤੀ ਗਈ ਹੈ। ਮੈਦੇ ਦੇ ਨਾਲ ਬਿਸਕੁਟ ਵਿੱਚ ਰੇਸ਼ੇ ਦੀ ਮਾਤਰਾ ਬਹੁਤ ਘੱਟ ਜਾਂ ਨਾਂਹ ਦੇ ਬਰਾਬਰ ਹੁੰਦੀ ਹੈ, ਜਦੋਂ ਕਿ ਕਟਹਲ ਦੇ ਬੀਜ ਦੇ ਆਟੇ ਦੇ ਮਿਸ਼ਰਣ ਨਾਲ ਇਸ ਵਿੱਚ ਰੇਸ਼ਿਆਂ ਦੀ ਮਾਤਰਾ ਭਰਪੂਰ ਹੋ ਜਾਂਦੀ ਹੈ। ਬਿਸਕੁਟ 'ਚ ਕਟਹਲ ਦੇ ਗੁੱਦੇ ਤੋਂ ਤਿਆਰ ਪਾਊਡਰ, ਮਸ਼ਰੂਮ, ਮੈਦਾ, ਖੰਡ, ਮੱਖਣ ਤੇ ਦੁੱਧ ਪਾਊਡਰ ਮਿਲਾਇਆ ਗਿਆ ਹੈ। ਇਸੇ ਤਰ੍ਹਾਂ ਚਾਕਲੇਟ 'ਚ ਕਟਹਲ ਦੇ ਫਲ ਦੀ ਭਰਪੂਰ ਵਰਤੋਂ ਕੀਤੀ ਹੈ। ਦਿਨੇਸ਼ ਨੇ ਦੱਸਿਆ ਕਿ ਕਟਹਲ ਦੀ ਲੱਕੜੀ ਨੂੰ ਬੇਹੱਦ ਮਜ਼ਬੂਤ ਅਤੇ ਉਪਯੋਗੀ ਮੰਨਿਆ ਜਾਂਦਾ ਹੈ ਤੇ ਕਿਸਾਨ ਸ਼ੀਸ਼ਮ ਨਾ ਮਿਲਣ 'ਤੇ ਕਟਹਲ ਦੀ ਲੱਕੜੀ ਦੀ ਵਰਤੋਂ ਕਰਦੇ ਹਨ। ਇਸੇ ਤਰ੍ਹਾਂ ਚਾਕਲੇਟ 'ਚ ਕਟਹਲ ਦੇ ਫਲ ਦੀ ਭਰਪੂਰ ਵਰਤੋਂ ਦੇ ਨਾਲ ਚਾਕਲੇਟ ਪਾਊਡਰ ਦੀ ਵਰਤੋਂ ਕੀਤੀ ਜਾਂਦੀ ਹੈ। ਡਾਕਟਰ ਦਿਨੇਸ਼ ਨੇ ਦੱਸਿਆ ਕਿ ਕਿਸਾਨਾਂ ਨੂੰ ਉਤਸ਼ਾਹਤ ਕਰਨ ਦੀ ਯੋਜਨਾ ਦੇ ਤਹਿਤ ਦੇਸ਼ ਵਿੱਚ ਕਟਹਲ ਦੀ ਸਿੱਧੂ ਅਤੇ ਸ਼ੰਕਰ ਕਿਸਮ ਦੀ ਚੋਣ ਕੀਤੀ ਗਈ ਹੈ, ਜਿਸ ਵਿੱਚ ਲਾਈਕੋਪੀਨ ਭਰਪੂਰ ਮਾਤਰਾ ਵਿੱਚ ਹੁੰਦਾ ਹੈ। ਖਾਸ ਗੱਲ ਇਹ ਹੈ ਕਿ ਸਿੱਧੂ ਦਾ ਫਲ ਗੁੱਛਿਆ 'ਚ ਲੱਗਦਾ ਹੈ, ਜੋ ਕਿਸਾਨਾਂ ਲਈ ਜ਼ਿਆਦਾ ਫਾਇਦੇਮੰਦ ਹੈ।

## ਚੋਣ ਕਮਿਸ਼ਨ ਨੇ ਪ੍ਰਧਾਨ ਮੰਤਰੀ ਵੱਲੋਂ ਜ਼ਾਬਤੇ ਦੀ ਉਲੰਘਣਾ ਬਾਰੇ ਜਾਣਕਾਰੀ ਦੇਣੋਂ ਨਾਂਹ ਕੀਤੀ

ਨਵੀਂ ਦਿੱਲੀ, 11 ਜੂਨ (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਚੋਣ ਜ਼ਾਬਤੇ ਦੀ ਉਲੰਘਣਾ ਤੱਥ ਸਾਂਝੇ ਕਰਨ ਤੋਂ ਚੋਣ ਕਮਿਸ਼ਨ ਨੇ ਨਾਂਹ ਕਰ ਦਿੱਤੀ ਹੈ। ਉਨ੍ਹਾਂ ਤੋਂ ਇਲਾਵਾ ਹੋਰਾਂ ਆਗੂਆਂ ਵੱਲੋਂ ਲੋਕ ਸਭਾ ਚੋਣਾਂ ਦੌਰਾਨ ਕੀਤੀ ਉਲੰਘਣਾ ਤੇ ਮਗਰੋਂ ਕਲੀਨ ਚਿੱਟ ਦੇਣ ਬਾਰੇ ਵੀ ਕੁਝ ਸਾਂਝਾ ਕਰਨ ਤੋਂ ਕਮਿਸ਼ਨ ਨੇ ਨਾਹ ਕਰ ਦਿੱਤੀ ਹੈ।




ਇਸ ਸੰਬੰਧ ਵਿੱਚ ਚੋਣ ਕਮਿਸ਼ਨ ਨੇ ਕਿਹਾ ਹੈ ਕਿ ਇਸ ਜਾਣਕਾਰੀ ਨੂੰ ਇਕੱਠੇ ਕਰਕੇ ਜੋੜਨ ਨਾਲ ਇਸ ਦੇ ਸਰੋਤ ਹੋਰ ਪਾਸੇ ਖਪ ਜਾਣਗੇ। ਆਰ ਟੀ ਆਈ ਦਾ ਜਵਾਬ ਦਿੰਦਿਆਂ ਚੋਣ ਕਮਿਸ਼ਨ ਨੇ ਇਕ ਚੋਣ ਕਮਿਸ਼ਨਰ ਵੱਲੋਂ ਜ਼ਾਬਤੇ ਦੀ ਉਲੰਘਣਾ ਨਾਲ ਨਜਿੱਠਣ ਬਾਰੇ ਕੀਤੇ ਗਏ ਇਤਰਾਜ਼ਾਂ ਦੀ ਜਾਣਕਾਰੀ ਦੇਣ ਤੋਂ ਵੀ ਇਨਕਾਰ ਕਰ ਦਿੱਤਾ ਹੈ। ਵਰਨਣ ਯੋਗ ਹੈ ਕਿ ਇੱਕ ਚੋਣ ਕਮਿਸ਼ਨਰ ਨੇ ਪ੍ਰਧਾਨ ਮੰਤਰੀ ਨਾਲ ਜੁੜੇ ਇਨ੍ਹਾਂ ਕੇਸਾਂ 'ਤੇ ਫੈਸਲਾ ਲੈਣ ਲੱਗਿਆਂ 'ਬਾਗੀ ਸੁਰ' ਅਪਣਾਈ ਸੀ। ਚੋਣ ਕਮਿਸ਼ਨ ਨੇ ਇਸ ਲਈ ਆਰ ਟੀ ਆਈ ਐਕਟ ਦੇ ਇਕ ਸੈਕਸ਼ਨ ਦਾ ਹਵਾਲਾ ਦਿੱਤਾ ਹੈ ਕਿ ਕਿਉਂ ਸੂਚਨਾ ਨਹੀਂ ਦਿੱਤੀ ਜਾ ਸਕਦੀ। ਚੋਣ ਕਮਿਸ਼ਨ ਨੂੰ ਪ੍ਰਧਾਨ ਮੰਤਰੀ ਦੇ ਭਾਸ਼ਨਾਂ ਨਾਲ ਹੋਈ ਜ਼ਾਬਤੇ ਦੀ ਉਲੰਘਣਾ ਤੇ ਇਸ ਬਾਰੇ ਕਮਿਸ਼ਨ ਵੱਲੋਂ ਕੱਢੇ ਸਿੱਟੇ ਬਾਰੇ ਪੁੱਛਿਆ ਗਿਆ ਸੀ। ਕਮਿਸ਼ਨ ਤੋਂ ਹਰ ਸ਼ਿਕਾਇਤ ਦਾ ਵਿਸਥਾਰ ਤੇ ਇਸ ਨਾਲ ਜੁੜੀਆਂ ਮੀਟਿੰਗਾਂ ਦੀ ਜਾਣਕਾਰੀ ਵੀ ਮੰਗੀ ਗਈ ਸੀ। ਜ਼ਾਬਤੇ ਦੀ ਉਲੰਘਣਾ ਨਾਲ ਜੁੜੇ ਫੈਸਲੇ ਮੁੱਖ ਚੋਣ ਕਮਿਸ਼ਨਰ ਤੇ ਸਾਥੀ ਚੋਣ ਕਮਿਸ਼ਨਰ ਲੈਂਦੇ ਹਨ। ਤਿੰਨ ਕਮਿਸ਼ਨਰਾਂ ਵਿੱਚੋਂ ਅਸ਼ੋਕ ਲਵਾਸਾ ਨੇ ਫੈਸਲਿਆਂ ਨਾਲ ਅਸਹਿਮਤੀ ਜਤਾਈ ਸੀ।

## ਕੋਟਕਪੂਰਾ ਗੋਲੀ ਕਾਂਡ ਮਾਮਲੇ ਵਿਚ ਉਮਰਾਨੰਗਲ ਅਤੇ ਚਰਨਜੀਤ ਸ਼ਰਮਾ ਅਦਾਲਤ ਵਿੱਚ ਖੁਦ ਹਾਜ਼ਰ ਨਹੀਂ ਹੋਏ

ਫਰੀਦਕੋਟ, 11 ਜੂਨ (ਪੋਸਟ ਬਿਊਰੋ)- ਕੋਟਕਪੂਰਾ ਗੋਲੀ ਕਾਂਡ ਵਿੱਚ ਵਿਸ਼ੇਸ਼ ਜਾਂਚ ਟੀਮ ਵੱਲੋਂ ਪੰਜਾਬ ਪੁਲਸ ਦੇ ਪੰਜ ਸੀਨੀਅਰ ਅਧਿਕਾਰੀਆਂ ਅਤੇ ਇੱਕ ਸਾਬਕਾ ਵਿਧਾਇਕ ਖਿਲਾਫ ਜੱਜ ਏਕਤਾ ਉਪਲ ਦੀ ਅਦਾਲਤ ਵਿੱਚ ਪਰਮਰਾਜ ਸਿੰਘ ਉਮਰਾਨੰਗਲ ਆਈ ਜੀ, ਚਰਨਜੀਤ ਸ਼ਰਮਾ ਸਾਬਕਾ ਐੱਸ ਐੱਸ ਪੀ, ਬਲਜੀਤ ਸਿੰਘ ਸਿੱਧੂ ਸਾਬਕਾ ਡੀ ਐੱਸ ਪੀ, ਪਰਮਜੀਤ ਸਿੰਘ ਪੰਨੂ ਐੱਸ ਪੀ ਅਤੇ ਇੰਸਪੈਕਟਰ ਗੁਰਦੀਪ ਸਿੰਘ ਪੰਧੇਰ ਦੇ ਖਿਲਾਫ ਅਦਾਲਤ ਵਿੱਚ ਚਲਾਨ ਪੇਸ਼ ਕਰਨ ਤੋਂ ਬਾਅਦ ਆਈ ਜੀ ਉਮਰਾਨੰਗਲ ਅਤੇ ਮੋਗਾ ਦੇ ਸਾਬਕਾ ਐਸ ਐਸ ਪੀ ਚਰਨਜੀਤ ਸ਼ਰਮਾ ਕੱਲ੍ਹ ਅਦਾਲਤ ਵਿੱਚ ਪੇਸ਼ ਨਹੀਂ ਹੋਏ। ਉਨ੍ਹਾਂ ਦੇ ਵਕੀਲ ਗੁਰਸਾਹਿਬ ਸਿੰਘ ਬਰਾੜ ਨੇ ਇੱਕ ਹਾਜ਼ਰੀ ਮੁਆਫੀ ਦੀ ਅਰਜ਼ੀ ਦਿੱਤੀ, ਜੋ ਅਦਾਲਤ ਵੱਲੋਂ ਮਨਜ਼ੂਰ ਕਰ ਕੇ



ਅਗਲੀ ਤਰੀਕ 15 ਜੂਨ ਤੱਕ ਮੁਲਤਵੀ ਕਰ ਦਿੱਤੀ ਗਈ ਹੈ।

ਵਰਨਣ ਯੋਗ ਹੈ ਕਿ ਐਸ ਪੀ ਪਰਮਜੀਤ ਸਿੰਘ ਪੰਨੂ ਦੀ ਅਗਾਊਂ ਜ਼ਮਾਨਤ ਦੀ ਅਰਜ਼ੀ 'ਤੇ ਸੈਸ਼ਨ ਜੱਜ ਹਰਪਾਲ ਸਿੰਘ ਨੇ ਅਗੇਤੀ ਜ਼ਮਾਨਤ ਮਨਜ਼ੂਰ ਕਰ ਲਈ ਸੀ, ਜੋ ਅਜੇ ਐੱਸ ਪੀ ਪਰਮਜੀਤ ਸਿੰਘ ਨੇ ਅਦਾਲਤ ਨੂੰ ਨਹੀਂ ਦਿੱਤੀ, ਜਿਸ ਕਾਰਨ ਉਹ ਅਦਾਲਤ ਵਿੱਚ ਪੇਸ਼ ਨਹੀਂ ਹੋਏ ਅਤੇ ਸਾਬਕਾ ਡੀ ਐੱਸ ਪੀ ਬਲਜੀਤ ਸਿੰਘ ਦੀ ਅਗਾਊਂ ਜ਼ਮਾਨਤ ਦੀ ਅਰਜ਼ੀ ਵਿੱਚ ਕੱਲ੍ਹ ਸੈਸ਼ਨ ਜੱਜ ਹਰਪਾਲ ਸਿੰਘ ਛੁੱਟੀ ਉਤੇ ਹੋਣ ਕਰ ਕੇ ਇਹ ਅਰਜ਼ੀ ਡਿਊਟੀ ਜੱਜ ਹਰਬੰਸ ਸਿੰਘ ਲੇਖੀ ਦੀ ਅਦਾਲਤ ਵਿੱਚ ਪੇਸ਼ ਕੀਤੀ ਗਈ, ਜਿਥੇ ਕੋਈ ਕਾਰਵਾਈ ਨਾ ਹੋਣ ਕਾਰਨ ਇਸ ਨੂੰ ਮੁਲਤਵੀ ਕਰ ਦਿੱਤਾ ਗਿਆ।


ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ

- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ

Minimum 1 year experience & Trained mechanic



ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)





Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202


## ਲੜਕੀ ਦੀ ਲੋੜ

ਜੱਟ ਸਿੱਖ ਢਿੱਲੋਂ ਲੜਕਾ, ਉਮਰ 25 ਸਾਲ, ਕੱਦ 5'-11", ਇੰਡੀਆ ਫਗਵਾੜਾ (ਪੰਜਾਬ) ਵਿੱਚ ਰਹਿੰਦੇ ਲੜਕੇ ਲਈ ਕੇਨੈਡੀਅਨ ਪੀ-ਆਰ ਲੜਕੀ ਜਾਂ ਵੱਰਕ ਪਰਮਿਟ/ਸਟੂਡੈਂਟ ਲੜਕੀ ਦੀ ਲੋੜ ਹੈ। ਪੀ-ਆਰ /Study ਦਾ ਸਾਰਾ ਖਰਚਾ ਲੜਕੇ ਦਾ ਪਰਿਵਾਰ ਕਰੇਗਾ। ਲੜਕੇ ਦਾ ਭਰਾ ਕੇਨੈਡਾ ਵਿੱਚ ਵੇਲ ਸੈਟਲਡ ਹੈ। ਕਾਲ ਕਰੋ: 416-628-6468 ਜਾਂ 01191-94634-85326

ਜੱਟ ਸਿੱਖ ਸਰਦਾਰ, ਉਮਰ 26 ਸਾਲ, ਲੰਬਾਈ 5 ਫੁੱਟ 8 ਇੰਚ, B.tech ਪੜ੍ਹਿਆ, ਵੀਜ਼ਿਟਰ ਵਿਜੇ ਤੇ ਆਏ ਲੜਕੇ ਲਈ Student/PR/Citizen ਲੜਕੀ ਦੀ ਲੋੜ ਹੈ। ਲੜਕੇ ਦਾ ਭਰਾ ਕੈਨੇਡਾ ਵਿੱਚ PR ਹੈ। ਸੰਪਰਕ- 289-772-6056, 437-236-5093

ਜੱਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2", MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ । (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਜੱਟ ਸਿੱਖ ਲੜਕਾ, ਉਮਰ 40 ਸਾਲ, ਕੱਦ 5'5", ਫਰਾਂਸ ਸਿਟੀਜ਼ਨ, ਇਕ 19 ਸਾਲਾਂ ਦੀ ਧੀ , ਪਤਨੀ ਦੀ ਮੌਤ ਨੂੰ 3 ਸਾਲ ਹੋ ਗਏ ਹਨ, ਕੈਨੇਡੀਅਨ PR ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 437-770-4806

Khatriboy 5'-7", Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। - CASTE NO-BAR. For more info. Call 416-917-8804


Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202


## ਲੜਕੀ ਦੀ ਲੋੜ

ਜੱਟ ਸਿੱਖ, ਉਮਰ 27 ਸਾਲ, ਕੱਦ 5'-11", ਪੜ੍ਹਿਆ-ਲਿਖਿਆ, ਵੈਸ਼ਣੂ ਤੇ ਕੈਨੇਡਾ ਵਿੱਚ ਵੈਲ-ਸੈਟਲ ਲੱੜਕੇ ਲਈ ਪੜ੍ਹੀ-ਲਿਖੀ ਕੈਨੇਡੀਅਨ ਸਿਟੀਜ਼ਨ ਜਾਂ P.R ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-290-8872 । 905-963-9134 ਜਾਂ ਈ-ਮੇਲ : mdeol84@yahoo.com

ਜੱਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਪਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜਿਲ੍ਹੇ ਨੂੰ ਪਹਿਲ, ਡਿਵੋਰਸੀ ਤੇ ਵੀ ਗੌਰ ਕੀਤੀ ਜਾ ਸਕਦੀ ਹੈ, ਲੜਕੇ ਦੀ ਭੈਣ ਕੇਨੈਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11", ਨਸ਼ਿਆਂ ਤੋਂ ਦੂਰ, ਬੀ ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਜੱਟ ਸਿੱਖ ਕੁਲਾਰ ਲੜਕਾ, ਉਮਰ 27 ਸਾਲ , ਕੱਦ 5'10", Self Employed, ਵੱਰਕ ਵੀਜੇ ਤੇ ਆਏ ਲੜਕੇ ਲਈ, ਸੋਹਣੀ ਸੁਣਖੀ, ਲੰਮੀ ਤੇ ਪਤਲੀ P.R ਜਾਂ citizen ਲੜਕੀ ਦੀ ਲੋੜ ਹੈ। Student ਤੇ ਵੀ ਗੋਰ ਕੀਤੀ ਜਾ ਸਕਦੀ ਹੈ ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 91-9888871813 । 306-612-4093 ਜਾਂ ਇ ਮੇਲ ਕਰੋ: kaurindergrewal@gmail.com


YOUR AD HERE
Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202


## ਲੜਕੇ ਦੀ ਲੋੜ

Canadian born punjabi tonk kshatriya girl, 35 yrs old, 5'3", certificate in accounting. Boy should be hindu punjabi (36 to 39 yrs), (5'9" to 5'11"), attractive, athletic, vegetarian, educated. Plz send biodata with recent pictures. E -mail: matri.response2018@gmail. com 1 mnth

ਸਿੱਧੂ ਗੁਰਸਿਖ, ਉਮਰ 33 ਸਾਲ, B.Sc Science,ਇੰਡੀਆ, ਲੁਧਿਆਣਾ ਵਿੱਚ ਅਧਿਆਪਕ ਦੀ ਜੋਬ ਕਰ ਰਹੀ ਲੜਕੀ ਲਈ ਲੜਕੇ ਦੀ ਲੋੜ ਹੈ। Divorcee ਤੇ ਵੀ ਗੋਰ ਕੀਤੀ ਜਾ ਸਕਦੀ ਹੈ; ਸੰਪਰਕ ਕਰੋ: 416-358-9294 । 204-583-3970 । 9815410050 1 mnth

ਜੱਟ ਸਿੱਖ ਲੱੜਕੀ, ਉਮਰ 27 ਸਾਲ, ਕੱਦ 5'-5", ਡਾਕਟਰ (M.D), ਕਨੇਡੀਅਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਡਾਕਟਰ ਜਾਂ ਵਧੀਆ ਨੌਕਰੀ ਕਰਦਾ ਸਿਟੀਜ਼ਨ ਲੜਕੇ ਦੀ ਚਾਹੀਦਾ ਹੈ। ਸੰਪਰਕ ਕਰੋ: 647-701-9163, 905-915-3043

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ PR ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

ਜਟ ਸਿਖ ਪਰਿਵਾਰਕ ਲੜਕੀ, ਉਮਰ 28 ਸਾਲ, ਕਦ 5'-4", +2 ਕੀਤੀ ਹੋਨਹਾਰ ਲੜਕੀ ਲਈ P.R or Divorcee ਲੜਕਾ ਚਾਹੀਦਾ ਹੈ। ਲੜਕੀ ਇਥੇ ਕਨੇਡਾ ਆਈ ਹੋਈ ਹੈ। ਕਾਲ ਕਰੋ : 289-489-9321 ਜਾਂ 1-204-951-7136

## ਲੜਕੇ ਦੀ ਲੋੜ

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3", ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-6", Divorcee ਤੇ 4 ਸਾਲ ਦੀ ਧੀ, ਇੰਡੀਆ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜ਼ਨ ਜਾਂ ਇਮੀਗ੍ਰੇਂਟ ਲੜਕੇ ਦੀ ਲੋੜ ਹੈ। Divorcee ਜਾਂ ਜਾਤ-ਪਾਤ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +91 9872665678 । 416-822-5229

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4", ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 । 416-509-7252

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3", ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076


Cell n Tell Distribution Inc.
1-401 Traders Blvd E, Mississauga, ON
Requires F/T Permanent Position, "Cellular Telephone Technician" to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.
- $29 per hr
- Experience: 3-5 years
- Education has to be secondary high school or equivalent experience

Email Resume at umar.w@cellntell.com

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

Cell n Tell Distribution Inc.
1-401 Traders Blvd E, Mississauga, ON
